ਕੀਰਤਨ

ਸਾਲ 20 ਅੰਕ 1 ਜਨਵਰੀ 1973

ਵਿਸ਼ੇਸ਼ ਗ਼ਜ਼ਲ ਅੰਕ ਸਪਲੀਮੈਂਟ

ਸੰਪਾਦਕ-ਰਿਭਜਨ ਸਿੰਘ ਰਤਨ

ਮਾਸਿਕ 'ਕਵਿਤਾ' ਅੰਮ੍ਰਿਤਸਰ ਦਾ

ਵਿਸ਼ੇਸ਼ ਗਜ਼ਲ ਅੰਕ

ਸੰਪਾਦਕ—ਹਰਿਭਜਨ ਸਿੰਘ ਰਤਨ

ਸੰਪਾਦਕੀ—

ਗਜ਼ਲ ਦਾ ਸਫਰ

ਇਹ ਬਿਲਕੁਲ ਇਤਫ਼ਾਕੀਆ ਘਟਣਾ ਹੈ ਕਿ ਮੈਂ "ਕਵਿਤਾ" ਦਾ ਸੰਪਾਦਕ ਬਣ ਗਿਆ ਹਾਂ ਨਹੀਂ ਤਾਂ ਕਵਿਤਾ (ਸਾਹਿੱਤ ਰੂਪ) ਨਾਲ ਮੈਨੂੰ ਕਦੀ ਦਿਲਚਸਪੀ ਨਹੀਂ ਰਹੀ। ਅੰਤਾਂ ਦਾ ਭਾਵੁਕ ਹੋਣ ਤੇ ਵੀ ਮੈਂ ਵਾਰਤਕ ਨੂੰ ਹੀ ਵਧੇਰੇ ਪਸੰਦ ਕੀਤਾ ਹੈ ਅਤੇ ਵਾਰਤਕ ਵਿਚੋਂ ਵੀ ਨਿਬੰਧ ਹੀ ਮੇਰੀ ਕਲਮ ਦਾ ਖੇਤਰ ਹੈ ਪਰ ਜਿਵੇਂ ਵਧੇਰੇ ਬਿਮਾਰ ਰਹਿਣ ਵਾਲਾ ਵਿਅਕਤੀ ਅੱਧਾ ਡਾਕਟਰ ਬਣ ਜਾਂਦਾ ਹੈ ਤਿਵੇਂ ਹੀ ਮੈਨੂੰ ਕਵਿਤਾ ਬਾਰੇ ਗਿਆਨ ਹਾਸਿਲ ਹੋਇਆ ਹੈ। ਮੈਂ ਹੁਣ ਇਹ ਮਹਿਸੂਸ ਕਰਦਾ ਹਾਂ ਕਿ ਜੇ ਮੈਂ ਵੀਹਵੀਂ ਸਦੀ ਵਿਚ ਪੈਦਾ ਨਾ ਹੋਇਆ ਹੁੰਦਾ ਤਾਂ ਸ਼ਾਇਦ ਵਾਰਤਕ ਦੀ ਥਾਂ ਕਵਿਤਾ ਹੀ ਮੇਰੇ ਵਿਚਾਰਾਂ ਲਈ ਮਾਧਿਅਮ ਦਾ ਕੰਮ ਕਰਦੀ। ਮੈਂ ਇਸ ਗਲ ਦਾ ਪੂਰੀ ਤਰ੍ਹਾਂ ਕਾਇਲ ਹਾਂ ਕਿ ਕਵਿਤਾ ਵਿਚ ਵੀ ਵੱਡੀ ਤੋਂ ਵੱਡੀ ਅਤੇ ਛੋਟੀ ਤੋਂ ਛੋਟੀ ਗਲ ਕਹੀ ਜਾ ਸਕਦੀ ਹੈ। ਕਹਿਣ ਦਾ ਢੰਗ ਆਉਣਾ ਚਾਹੀਦਾ ਹੈ।

ਕਵਿਤਾ ਵਿਚੋਂ ਮੈਨੂੰ ਗਜ਼ਲ ਦੇ ਰੂਪ ਨੇ ਵਧੇਰੇ ਪ੍ਰਭਾਵਤ ਕੀਤਾ ਹੈ। ਗਜ਼ਲ ਸੁਣਦਿਆਂ ਪੜ੍ਹਦਿਆਂ ਕਈ ਵੇਰੀ ਤਾਂ ਮੇਰੇ ਮਨ ਵਿਚ ਵਿਸਮਾਦ ਦੀਆਂ ਤਰੰਗਾਂ ਉਠਣ ਲਗਦੀਆਂ ਹਨ। ਸਿਰਫ ਦੋ ਤੁਕਾਂ ਦਾ ਇਕ ਸ਼ੇਅਰ ਵਿਚ ਸਮੁੱਚੀ ਗਲ !

ਕੂਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗਲ ਹੈ। ਵਿਅਕਤੀ ਦੇ ਸੋਚਣ, ਸਮਝਣ ਅਤੇ ਕਲਪਨਾ ਕਰਨ ਲਈ ਗਜ਼ਲ ਵਿਚ ਬਹੁਤ ਕੁਝ ਹੁੰਦਾ ਹੈ ਜਿਸ ਕਾਰਣ ਇਕ ਸ਼ੇਅਰ ਨੂੰ ਬਹੁਤ ਵਾਰੀ ਵਖਰੀ ਵਖਰੀ ਮਾਨਸਿਕ ਅਤੇ ਬੌਧਿਕ ਪੱਧਰ ਦੇ ਲੋਕ ਵੱਖਰੀ ਵੱਖਰੀ ਤਰ੍ਹਾਂ ਲੈਂਦੇ ਹਨ। ਕਵਿਤਾ ਦੀ ਇਹ ਮੈਨੂੰ ਇਕ ਬਹੁਤ ਵੱਡੀ ਖੂਬੀ ਲੱਗਦੀ ਹੈ ਅਤੇ ਇਸ ਖੂਬੀ ਲਈ ਸ਼ਾਇਦ ਗਜ਼ਲ ਤੋਂ ਅਨੂਪਮ ਮਾਧਿਅਮ ਹੋਰ ਕੋਈ ਨਹੀਂ। ਫਿਰ ਗਜ਼ਲ ਨੇ ਅਜੇ ਆਪਣਾ ਆਪਾ ਮੂਲ ਰੂਪ ਵਿਚ ਸਾਂਭਿਆ ਹੋਇਆ ਹੈ। ਖੁੱਲੀ ਕਵਿਤਾ ਲਿਖਣ ਵਾਲਿਆਂ ਨੇ ਛੰਦ ਬਹਿਰ ਤੋਂ ਬਿਨਾਂ ਗਜਲ ਲਿਖਣ ਦੇ ਕੁਝ ਯਤਨ ਕੀਤੇ ਜ਼ਰੂਰ ਹਨ ਪਰ ਅਜੇ ਤਕ ਉਨ੍ਹਾਂ ਦੇ ਇਨ੍ਹਾਂ ਯਤਨਾਂ ਨੂੰ ਹਮਾਇਤ ਪ੍ਰਾਪਤ ਨਹੀਂ ਹੋ ਸਕੀ। ਗਜ਼ਲ ਨੂੰ ਅਜੇ ਖੁਲ੍ਹੀ ਕਵਿਤਾ ਦਾ ਗ੍ਰਹਿਣ ਲਗ ਨਹੀਂ ਸਕਿਆ।..... ਤੇ ਮੇਰੇ ਵਰਗੇ ਪਾਠਕ ਇਹ ਦਿਲੋਂ ਚਾਹੁਣਗੇ ਕਿ ਇਹ ਗ੍ਰਹਿਣ ਕਦੀ ਲਗੇ ਵੀ ਨਾ। ਖੁੱਲੀ ਕਵਿਤਾ ਵਿਕ ਬੇਸ਼ਕ ਵੱਡੀ ਤੋਂ ਵੱਡੀ ਗਲ ਕਹੀ ਜਾ ਸਕਦੀ ਹੈ, ਕਹੀ ਵੀ ਜਾਂਦੀ ਹੈ ਪਰ ਖੁੱਲੀ ਕਵਿਤਾ ਕੁਝ ਕੁ ਬੌਧਿਕ ਲੋਕਾਂ ਤਕ ਸੀਮਤ ਹੋ ਕੇ ਰਹਿ ਗਈ ਹੈ ਅਤੇ ਇਹ ਕਿਸੇ ਵੀ ਸਾਹਿੱਤ ਲਈ ਕਮਜ਼ੋਰੀ ਵਾਲੀ ਗੱਲ ਹੈ ਕਿ ਉਸ ਨੂੰ ਪੜ੍ਹਨ ਲਈ ਪਾਠਕ ਨਹੀਂ ਹਨ। ਖੁੱਲੀ ਕਵਿਤਾ ਨਾਲੋਂ ਛੰਦ ਬਧ ਕਵਿਤਾ ਵਿਚ ਕਹੀ ਗਈ 'ਗਲ' ਵਧੇਰੇ ਪ੍ਰਭਾਵਿਤ ਕਰਦੀ ਹੈ ਅਤੇ ਜੇ ਅਸੀਂ ਸਾਹਿੱਤ ਦਾ, ਕਵਿਤਾ ਦਾ ਲੋਕਾਂ ਨਾਲ, ਸਮਾਜ ਨਾਲ ਸਬਧ ਰੱਖਣਾ ਹੈ ਤਾਂ ਸਾਨੂੰ ਉਹ ਰੂਪ ਅਵੱਸ਼ ਆਪਣੇ ਨਾਲ ਰੱਖਣੇ ਪੈਣਗੇ ਜਿਹੜੇ ਲੋਕਾਂ ਨੂੰ, ਜਨਸਧਾਰਨ ਨੂੰ ਪ੍ਰਭਾਵਤ ਕਰਦੇ ਹੋਣ। ਗਜ਼ਲ ਆਪਣੀ ਬਹਿਰ ਅਤੇ ਛੰਦ ਕਰਕੇ ਬਹੁਤ ਸਾਰੇ ਪਾਠਕਾਂ ਨੂੰ ਮਾਨਸਿਕ ਅਤੇ ਭਾਵੁਕ ਸੰਤੁਸ਼ਟੀ ਪ੍ਰਦਾਨ ਕਰਦੀ ਹੈ।

ਗਜ਼ਲ ਦਾ ਅਰਥ "ਮਹਿਬੂਬ ਨਾਲ ਪਿਆਰ ਦੀਆਂ ਗਲਾਂ" ਕਰਨਾ ਦਸਿਆ ਜਾਂਦਾ ਹੈ ਪਰ ਕਿਸੇ ਸ਼ਬਦ ਦੇ ਅਰਥ ਕਦੀ ਸਥਾਈ ਨਹੀਂ ਬਣ ਸਕੇ। ਵਿਕਾਸ ਦੇ ਕਾਰਣ ਸਥਾਈ ਅਰਥ ਸੰਭਵ ਵੀ ਨਹੀਂ। ਇਸ ਲਈ ਗਜ਼ਲ ਦੀ ਵਸਤੂ ਮਹਿਬੂਬ ਜਾਂ ਸ਼ਰ ਬ ਤਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ। ਸਾਕੀ, ਮਹਿਫਲ ਅਤੇ ਇਸ਼ਕ ਦਾ ਵਿਸ਼ਾ ਵੀਹਵੀਂ ਸਦੀ ਦਾ ਵਿਸ਼ਾ ਨਹੀਂ। ਵਿਅਕਤੀ ਦਾ ਖਿਲਰਿਆ ਫੈਲਿਆ ਵਿਅਕਤੀਤਵ ਇਹ ਮੰਗ ਕਰਦਾ ਹੈ ਕਿ ਸਾਹਿੱਤ ਨੂੰ ਹੁਣ

ਉਸ ਦੀਆਂ ਸਮਸਿਆਵਾਂ ਨਾਲ ਦੋ ਚਾਰ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਜੇ ਕਿਸੇ ਦੇ ਪਿਆਰ ਨੇ ਉਸ ਨੂੰ ਠੁਕਰਾ ਦਿੱਤਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਭਾਂਜਵਾਦੀ ਬਣ ਕੇ ਆਪਣੇ ਆਪ ਨੂੰ ਸ਼ਰਾਬੀਆਂ ਦੀ ਮਹਿਫਲ ਵਿਚ ਡੁਬੋ ਕੇ ਸਿਕਵਿਆਂ ਤਕ ਆਪਣੀ ਸੋਚਣੀ ਨੇ ਸੀਮਤ ਕਰ ਲਿਆ ਜਾਵੇ। ਵਿਅਕਤੀ ਤੋਂ ਅੱਜ ਦਾ ਵਿਗਿਆਨ ਮੰਗ ਕਰਦਾ ਹੈ ਕਿ ਉਹ ਆਪਣੀ ਅਸਫਲਤਾਵਾਂ ਦੇ ਕਾਰਣ ਸੋਚੇ ਅਤੇ ਹਾਰ ਨੂੰ ਜਿੱਤ ਵਿਚ ਬਦਲਣ ਦਾ ਕੋਈ ਸਾਰਥਕ ਯਤਨ ਕਰੇ। ਵਿਅ-ਕਤੀ ਅੱਜ ਵਿਗਿਆਨਕ ਹੋਣ ਦਾ ਯਤਨ ਕਰ ਵੀ ਰਿਹਾ ਹੈ, ਵਿਗਿਆਨਕ ਬਣ ਵੀ ਰਿਹਾ ਹੈ। ਸਾਹਿੱਤ ਨੂੰ ਇਕ ਵਿਅਕਤੀ ਦਾ ਚਿੱਤਰ, ਯਥਾਰਥਕ ਚਿਤ੍ਰਰ ਖਿਚਣਾ ਵੀ ਚਾਹੀਦਾ ਹੈ ਅਤੇ ਉਸ ਨੂੰ ਅਗਵਾਈ ਦੇਣ ਲਈ (ਸਪੱਸ਼ਟ ਜਾਂ ਲੁਕਵਾਂ) ਯਤਨ ਵੀ ਕਰਨਾ ਚਾਹੀਦਾ ਹੈ। ਗਜ਼ਲ ਨੂੰ ਸਾਹਿੱਤ ਦਾ ਇਕ ਅੰਗ ਹੋਣ ਦੇ ਨਾਤੇ ਇਸ ਜ਼ਿਮੇਂਵਾਰੀ ਤੋਂ ਨੱਠਣਾ ਨਹੀਂ ਚਾਹੀਦਾ ਭਗੋਂ ਇਸ ਨੂੰ ਅਪਨਾਉਣਾ ਚਾਹੀਦਾ ਹੈ। ਗਜ਼ਲ ਨੂੰ ਅੱਜ ਦੀ ਪੀੜੀ ਨਵੇਂ ਅਰਥ ਦੇਣ ਦੇ ਯਤਨ ਕਰ ਰਹੀ ਹੈ ਅਤੇ ਇਹ ਪ੍ਰਸੰਸਾਯੋਗ ਹੈ। ਇਸ਼ਕ ਤੋਂ ਇਨਕਲਾਬ ਦੀ ਗਲ ਤਕ ਦੇ ਸਫਰ ਵਿਚ 'ਕਵਿਤਾ' ਨਵੀਂ ਪੀੜੀ ਦਾ ਸਾਥ ਦੇਵੇਗੀ, ਇਹ ਮੇਰੇ ਵਲੋਂ ਯਕੀਨ ਹੈ। ਨਵੀਂ ਪੀੜੀ ਨੂੰ ਗਜ਼ਲ ਨੂੰ 'ਸਾਕੀ, ਮਹਿਖਾਨਾ' ਕਹਿ ਕੇ ਤਿਆਗਣਾ ਨਹੀਂ ਚਾਹੀਦਾ ਸਗੋਂ ਇਸ ਰੂਪ ਨੂੰ ਅਪਨਾ ਕੇ ਨਵੇਂ ਅਰਥ ਦੇਣ ਦਾ ਯਤਨ ਕਰਨਾ ਚਾਹੀਦਾ ਹੈ।

ਵਿਸ਼ੇ ਦੇ ਨਾਲ ਹੀ ਕੁਝ ਸ਼ਬਦ ਜੇ ਰੂਪ ਸਬੰਧੀ ਵੀ ਹੋ ਜਾਣ ਤਾਂ ਨਿਰਾਰਥਕ ਨਹੀਂ ਹੋਵੇਗਾ। ਵਿਸ਼ੇ ਨੇ ਰੂਪ ਨੂੰ ਸਦਾ ਬਦਲਿਆ ਹੈ ਕਿਉਂ ਕਿ ਜੇ ਵਿਸ਼ਾ ਅਤੇ ਰੂਪ ਆਪਸ ਵਿਚ ਇਕਸੁਰਤਾ ਕਾਇਮ ਨਹੀਂ ਕਰਦੇ ਤਾਂ ਸਾਹਿੱਤ ਦੇ ਸਰੋਦ ਦੀਆਂ ਧੁਨਾਂ ਠੀਕ ਨਹੀਂ ਨਿਕਲਣਗੀਆਂ। ਜੇ ਵਿਸ਼ੇ ਵਿਚ ਇਸ਼ਕ ਵਰਗਾ ਨਾਜ਼ੁਕ ਵਿਸ਼ਾ ਹੈ ਤਾਂ ਰੂਪ ਵੀ ਨਾਜ਼ੁਕ ਖਿਆਲਾਂ ਵਾਲਾ ਹੋਣਾ ਚਾਹੀਦਾ ਹੈ ਅਤੇ ਇਨਕਲਾਬ, ਤਬਦੀਲੀ ਦੀ ਗੱਲ ਕਰਨ ਲਗਿਆਂ ਸ਼ਬਦ ਅਤੇ ਕਹਿਣ ਦਾ ਢੰਗ ਇਸ ਤਰ੍ਹਾਂ ਦਾ ਹੀ ਹੋਣਾ ਚਾਹੀਦਾ ਹੈ ਕਿ ਪੜ੍ਹਣ ਵਾਲੇ ਦੇ ਦਿਲ ਤੇ ਹਥੌੜੇ ਵਜਣ ਅਤੇ ਸੁਚੇਤ ਹੋ ਕੇ ਲੜਾਈ ਕਰਨ ਲਈ ਮਜਬੂਰ ਹੋ ਜਾਵੇ। ਗ਼ਜ਼ਲ ਸਬੰਧੀ ਉਸਤਾਦ ਕਹਿੰਦੇ ਹਨ ਕਿ ਇਸ ਦਾ ਵਿਸ਼ਾ ਭਾਵੇਂ ਕੋਈ ਵੀ ਹੋਵੇ ਪਰ ਕਿਹਾ ਇਸ ਤਰ੍ਹਾਂ ਜਾਵੇ ਕਿ ਗਲ ਇਸ਼ਕ ਦੀ ਹੋ ਨਿਬੜੇ। ਇਸ ਤਰ੍ਹਾਂ ਦੇ ਯਤਨਾਂ ਨਾਲ ਇਕ ਤੁਕ ਦੇ (ਜਾਂ

ਸਮੁਚੇ ਬੰਦ ਦੇ) ਦੋਹਰੇ ਅਰਥ ਹੋ ਜਾਣਗੇ। ਸਾਧਾਰਨ ਪਾਠਕ ਇਸ ਦੇ ਲੁਕਵੇਂ ਅਰਥਾਂ ਵਲ ਤਾਂ ਜਾਏਗਾ ਨਹੀਂ ਸਗੋਂ ਇਸ ਦੇ ਬਾਹਰੀ ਅਰਥ ਲੈ ਕੇ ਹੀ ਇਸਦਾ ਸੁਆਦ ਮਾਨਣ ਦਾ ਯਤਨ ਕਰੇਗਾ। ਇਸ ਤਰ੍ਹਾਂ ਲੇਖਕ ਦੇ ਲਿਖਣ ਦਾ ਕੋਈ ਸਾਰਥਕ ਲਾਭ ਨਹੀਂ ਹੋਵੇਗਾ। ਜਿਹੜੇ ਲੋਕ ਬੁੱਧੀਜੀਵੀ ਹਨ, ਉਨ੍ਹਾਂ ਨੂੰ ਤਾਂ ਪਹਿਲਾਂ ਹੀ ਆਪਣੇ ਹਕਾਂ ਅਤੇ ਫਰਜ਼ਾਂ ਦਾ ਪਤਾ ਹੈ। ਲੋੜ ਤਾਂ ਜਨ-ਸਾਧਾਰਨ ਨੂੰ ਪ੍ਰਭਾਵਤ ਕਰਨ ਦੀ ਹੈ, ਅਗਵਾਈ ਦੇਣ ਦੀ ਹੈ ਅਤੇ ਇਹ ਅਗਵਾਈ ਦੇਣ ਲਈ ਸਾਹਿੱਤ ਦਾ ਇਕ-ਅਰਥੀ ਹੋਣਾ ਜ਼ਰੂਰੀ ਹੈ। ਇਸ਼ਕ ਬੇਸ਼ਕ ਨੌਜਵਾਨ ਦਿਲਾਂ ਦੀ ਤਾਰ ਨੂੰ ਟੁਨਕਾਉਣ ਵਿਚ ਮਦਦਗਾਰ ਹੁੰਦਾ ਹੈ ਪਰ ਇਸ ਨੂੰ ਪਿਛਾਂਹ ਖਿਚੂ ਵਿਚਾਰਾਂ ਦੀ ਮਦਦ ਲਈ ਵੀ ਤਾਂ ਵਰਤਿਆ ਜਾਂਦਾ ਰਿਹਾ ਹੈ। ਚਾਕੂ ਨਾਲ ਦੂਸਰੇ ਦਾ ਗਲਾ ਕਟਣਾ ਔਖਾ ਨਹੀਂ ਹੁੰਦਾ। ਇਸ ਲਈ ਜਿਥੋਂ ਤਕ ਮੇਰਾ ਵਿਚਾਰ ਹੈ, ਗਜ਼ਲ ਗੋਆਂ ਨੂੰ ਆਪਣੇ ਅਨੁਭਵ ਸਿੱਧੀ ਅਤੇ ਠੇਠ ਪੰਜਾਬੀ ਭਾਸ਼ਾ ਵਿਚ ਪ੍ਰਗ-ਟਾਉਣੇ ਚਾਹੀਦੇ ਹਨ। ਨਾਜ਼ੁਕਤਾ ਵਿਚ ਵਲੇਟ ਕੇ ਸਖਤ ਸ਼ਬਦ ਨਾ ਤਾਂ ਕਹੇ ਜਾ ਸਕਦੇ ਹਨ ਅਤੇ ਨਾ ਹੀ ਕਹੇ ਜਾਣੇ ਚਾਹੀਦੇ ਹਨ।

ਇਥੇ ਇਹ ਗਲ ਵੀ ਸਪਸ਼ਟ ਕਰ ਦੇਣੀ ਚਾਹੀਦੀ ਹੈ ਕਿ ਉਰਦੂ ਦੀਆਂ ਬਹਿਰਾਂ ਤੇ ਗਜ਼ਲ ਲਿਖਣ ਨਾਲ ਇਸ ਵਿਚ ਪੰਜਾਬੀਆਂ ਦਾ ਆਪਣਾ ਸੁਭਾਅ ਉੱਘੜਦਾ ਨਹੀਂ। ਉਰਦੂ ਦੀਆਂ ਬਹਿਰਾਂ ਅਤੇ ਸ਼ਬਦ ਜਿਸ ਢੰਗ ਨਾਲ ਗਜ਼ਲ ਵਿਚ ਵਰਤੇ ਜਾਂਦੇ ਹਨ ਉਹ ਮਲੂਕਤਾ ਉਪਜਾਉਂਦੇ ਹਨ ਪਰ ਪੰਜਾਬੀਆਂ ਦਾ ਸਾਫ ਗੋ ਸੁਭਾਅ ਮਲੂਕ ਨਹੀਂ, ਸਗੋਂ ਸਪਸ਼ਟਤਾ ਕਰਕੇ ਕਈ ਵੇਰੀ ਬਹੁਤ ਖਰਵਾ ਹੈ। ਇਸ ਲਈ ਪੰਜਾਬੀ ਦੀ ਗਜ਼ਲ ਪੰਜਾਬੀ ਦੀ ਸੰਸਕ੍ਰਿਤੀ ਦੇ ਅਨੂਕੂਲ ਬਨਾਉਣ ਲਈ ਜ਼ਰੂਰੀ ਹੈ ਕਿ ਇਸ ਨੂੰ ਪੰਜਾਬੀ ਦੀਆਂ ਆਪਣੀਆਂ ਬਹਿਰਾਂ ਵਿਚ ਰਚਿਆ ਜਾਵੇ। ਜੇ ਸ਼ਬਦ ਪੰਜਾਬੀ ਵਰਤੇ ਜਾ ਸਕਦੇ ਹਨ ਤਾਂ ਪੰਜਾਬੀ ਬਹਿਰਾਂ ਕਿਉਂ ਨਹੀਂ ਵਰਤੀਆਂ ਜਾ ਸਕਦੀਆਂ? ਸਾਧੂ ਸਿੰਘ ਹਮਦਰਦ ਨੇ ਪੰਜਾਬੀ ਬਹਿਰਾਂ ਤੇ ਗਜ਼ਲ ਲਿਖ ਕੇ ਇਹ ਸਾਬਤ ਕਰ ਦਿਤਾ ਹੈ ਕਿ ਗਜ਼ਲ ਨੂੰ ਪੰਜਾਡੀ ਬਹਿਰਾਂ ਉਤੇ ਲਿਖ ਕੇ ਵੀ ਖੂਬਸੂਰਤੀ ਕਾਇਮ ਰਖੀ ਜਾ ਸਕਦੀ ਹੈ। ਇਸ ਅੰਕ ਵਿਚ ਸ਼ਾਮਿਲ ਉਨ੍ਹਾਂ ਦੀ ਗਜ਼ਲ ਕੋਰੜਾ ਛੰਦ ਵਿਚ ਹੈ।

...ਤੇ ਗਜ਼ਲ ਸਾਬੰਧੀ ਗਜ਼ਲ-ਗੋਆਂ ਨੂੰ ਸਿਰਫ ਇੰਨੀ ਹੀ ਪਬੰਧੀ ਸਹਿਣੀ

ਚਾਹੀਦੀ ਹੈ ਕਿ ਸ਼ਬਦ ਇਸ ਤਰ੍ਹਾਂ ਜੁੜਣ ਕਿ ਉਨ੍ਹਾਂ ਵਿਚੋਂ ਸੰਗੀਤਕ ਲੈਅ ਉਭਰੇ ਤਾਂ ਕਿ ਗਜ਼ਲ ਗਾਈ ਜਾ ਸਕੇ। ਜਿਹੜੀ ਨਜ਼ਮ ਦੋ ਤੁਕਾਂ ਵਿਚ ਸੱਮੁਚਾ ਪ੍ਰਭਾਵ ਪਾ ਸਕਦੀ ਹੈ ਭਾਵ ਸੂਤਰਕ ਹੈ ਅਤੇ ਗਾਕੇ ਸੁਣਾਈ ਜਾ ਸਕਦੀ ਹੈ, ਉਹ ਗਜ਼ਲ ਹੈ। ਇਸ ਪਖੋਂ ਮੈਂ ਅਜਾਇਬ "ਹੁੰਦਲ" ਦੀਆਂ ਗਜ਼ਲਾਂ ਨੂੰ ਸੰਪੂਰਨ ਸਮਝਦਾ ਹਾਂ। ਨਵੇਂ ਕਵੀਆਂ ਨੂੰ ਚਾਹੀਦਾ ਹੈ ਕਿ ਉਹ ਗਜ਼ਲ ਵਲ ਆਉਣ ਅਤੇ ਗਜ਼ਲ ਨੂੰ ਨਵੇਂ ਅਰਥ ਦੇ ਕੇ, ਇਸ ਰੂਪ ਨੂੰ ਫਿਰ ਤੋਂ ਬੁਲੰਦੀ ਵਲ ਲੈ ਜਾਣ। ਗਜ਼ਲ ਵਿਚ ਸੁਝਾਉਣ ਲਈ, ਕਲਪਣਾ ਕਰਨ ਲਈ, ਆਪਣੇ ਵਿਅਕਤੀਤਵ ਅਨੁਸਾਰ ਭਾਵ ਲੈਣ ਦੀ ਸਮਰਥਾ ਬਹੁਤ ਹੈ ਅਤੇ ਇਸ ਸਮਰਥਾ ਤੋਂ "ਲੋਹੇ" ਦੀ ਗਲ ਕਰਨ ਵਾਲਿਆਂ ਨੂੰ ਪੂਰਾ ਲਾਭ ਉਠਾਉਣਾ ਚਾਹੀਦਾ ਹੈ।

ਕੁਝ ਸ਼ਬਦ, ਅੰਤ ਵਿਚ, ਇਸ ਅੰਕ ਦੀ ਸੰਪਾਦਨਾਂ ਬਾਰੇ ਵੀ ਕਹਿਣਾ ਚਾਹਵਾਂਗਾ। ਇਸ ਅੰਕ ਨੂੰ ਪ੍ਰਕਾਸ਼ਿਤ ਕਰਨ ਦਾ ਮੰਤਵ ਹੁਣ ਤਕ ਦੀ ਗਜ਼ਲ ਸਬੰਧੀ ਪੂਰਨ ਸਰ-ਵੇਖਣ ਕਰਕੇ ਉਹਨਾਂ ਕਵੀਆਂ ਨੂੰ, ਜਿਹੜੇ ਗਜ਼ਲ ਨੂੰ ਇਸ ਦੇ ਪਰੰਪਰਾ ਵਾਦੀ ਵਿਸ਼ੇ ਕਰਕੇ ਤਿਆਗ ਗਏ ਹਨ, ਗਜ਼ਲ ਲਿਖਣ ਲਈ ਪ੍ਰੇਰਨਾ ਦੇਣਾ ਹੈ। ਇਸ ਅੰਕ ਰਾਹੀਂ ਅਦਾਰਾ ਕਵਿਤਾ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਗਜ਼ਲ ਵਿਚ ਵੱਡੀ ਤੋਂ ਵੱਡੀ ਗਲ ਕਹੀ ਜਾ ਸਕਦੀ ਹੈ ਅਤੇ ਕਈ ਗਜ਼ਲ ਗੋਆਂ ਨੇ ਕਹੀ ਹੈ। ਇਸੇ ਲਈ ਗਜ਼ਲਾਂ ਨੂੰ ਮੈਂ ਦੋ ਹਿੱਸਿਆਂ ਵਿਚ ਵੰਡਿਆ ਹੈ—ਪਹਿਲੇ ਹਿੱਸੇ ਵਿਚ ਉਹ ਗਜ਼ਲਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਵਿਸ਼ਾ ਪਰੰਪਰਾਵਾਦੀ ਹੈ। ਇਸ ਵਿਚ ਉਹ ਨੌਜਵਾਨ ਗਜ਼ਲ ਗੋ ਵੀ ਸ਼ਾਮਿਲ ਹਨ ਜੋ ਗਜ਼ਲ ਵਿਚ ਇਸ਼ਕ ਮਸ਼ੂਕ ਦੀ ਗਲ ਹੀ ਕਰਦੇ ਹਨ। ਉਮਰ ਦੀ ਬਜਾਇ ਮੈਂ ਵਿਸ਼ੇ-ਵਸਤੂ ਨੂੰ ਪਹਿਲ ਦਿਤੀ ਹੈ। ਦੂਸਰੇ ਭਾਗ 'ਚ ਉਹਗਜ਼ਲਾਂ ਸ਼ਾਮਿਲ ਹਨ ਜਿਸ ਵਿਚ ਵਿਸ਼ੇ ਜਾਂ ਟਕਨੀਕ ਦੇ ਪਖੋਂ ਕੋਈ ਨਵਾਂ ਤਜਰਬਾ ਕੀਤਾ ਗਿਆ ਹੈ। ਤਰਤੀਬ ਦਿੰਦਿਆਂ ਅਤੇ ਚੋਣ ਕਰਦਿਆਂ ਪੱਧਰ ਦਾ ਖਿਆਲ ਘਟ ਰਖਿਆ ਗਿਆ ਹੈ ਅਤੇ ਚਰਚਾ ਦਾ ਵਧੇਰੇ ਤਾਂ ਕਿ ਪਾਠਕ ਇਹ ਨਿਰਣਾ ਕਰ ਸਕੇ ਕਿ ਕਿਹੜਾ ਵਿਅਕਤੀ ਕਿਉਂ ਚਰਚਿਤ ਹੈ ਅਤੇ ਕਿੰਨੇ ਕੁ ਪਾਣੀਆਂ ਵਿਚ ਖੜਾ ਹੈ। ਕੁਝ ਇਕ ਗਜ਼ਲ ਗੋਆਂ ਦੀਆਂ ਗਜ਼ਲਾਂ ਸਾਨੂੰ ਪ੍ਰਾਪਤ ਨਹੀਂ ਹੋ ਸਕੀਆਂ ਸਨ, ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਨੂੰ ਏਧਰੋਂ ਓਧਰੋਂ

ਲੈ ਲਿਆ ਗਿਆ ਤਾਂ ਕਿ ਗਜ਼ਲ-ਅੰਕ ਵਿਚ ਹੁਣ ਤਕ ਦੀ ਸਮੁੱਚੀ ਗਜ਼ਲ ਦਾ ਸਰ ਵੇਖਣ ਹੋ ਸਕੇ। ਲਗਪਗ ਉਂਝ ਸਾਰੀਆਂ ਗਜ਼ਲਾਂ ਤਾਜ਼ੀਆਂ ਹੀ ਹਨ ਅਤੇ ਇਨ੍ਹਾਂ ਤਾਜ਼ੀਆਂ ਗਜ਼ਲਾਂ ਦੇ ਆਧਾਰ ਤੇ ਸਾਰੇ ਹੀ ਗਜ਼ਲ ਗੋਆਂ ਦਾ ਮੁੱਲਅੰਕਣ ਕੀਤਾ ਜਾ ਸਕਦਾ ਹੈ।

ਇਸ ਅੰਕ ਲਈ ਵਧੇਰੇ ਗਜ਼ਲਾਂ ਸ੍ਰ: ਗੁਰਚਰਨ ਸਿੰਘ ਦੀਪਕ (ਜੈਤੋਈ) ਨੇ ਇਕਤਰ ਕੀਤੀਆਂ ਹਨ ਅਤੇ ਇਸ ਅੰਕ ਨੂੰ ਵਰਤਮਾਨ ਰੂਪ ਦੇਣ ਵਿਚ ਉਹਨਾਂ ਦਾ ਬਹੁਤ ਹੱਥ ਹੈ। ਜੋ ਵੀ ਖਾਮੀਆਂ ਇਸ ਵਿਚ ਰਹੀਆਂ ਹਨ, ਉਹ ਮੇਰੇ ਆਪਣੇ ਆਪੇ ਕਰਕੇ ਹਨ ਕਿਉਂਕਿ ਕੁਝ ਗਜ਼ਲਾਂ ਪਿਛੋਂ ਮੈਂ ਆਪ ਸ਼ਾਮਿਲ ਕੀਤੀਆਂ ਹਨ ਅਤੇ ਇਸ ਨੂੰ ਤਰਤੀਬ ਵੀ ਮੈਂ ਹੀ ਦਿਤੀ ਹੈ। ਗਜ਼ਲ ਬਾਰੇ ਜੋ ਵਿਚਾਰ ਮੈਂ ਪ੍ਰਗਟਾਏ ਹਨ, ਉਹ ਵੀ ਨਿਰੋਲ ਮੇਰੇ ਨਿੱਜੀ ਵਿਚਾਰ ਹਨ, ਪਾਠਕ ਵੀ ਹੈਸੀਅਤ ਵਿਚ ਹਨ, ਦੀਪਕ ਜੀ ਦਾ ਇੰਨ੍ਹਾਂ ਵਿਚਾਰਾਂ ਨਾਲ ਕੋਈ ਸਬੰਧ ਨਹੀਂ। ਗਜ਼ਲ-ਅੰਕ ਲਈ ਉਨ੍ਹਾਂ ਨੇ ਜਿੰਨੀ ਦੌੜ ਭਜ ਕੀਤੀ ਹੈ, ਉਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।

ਹਰਿਭਜਨ ਸਿੰਘ ਰਤਨ

ਮੁੱਖ-ਸੰਪਾਦਕ।

ਮਿਤੀ 15. 12. 72.

ਗਜ਼ਲ/ਇਕ ਹੋਰ ਦ੍ਰਿਸ਼ਟੀਕੋਣ

ਦੀਪਕ ਜੈਤੋਈ

ਸੁਣ ਕੇ ਮਜ਼ਾ ਨਾ ਆਵੇ ਉਸ ਨੂੰ ਗ਼ਜ਼ਲ ਨਾ ਆਖੋ
ਦਿਲ ਵਿਚ ਜੋ ਖੁੱਭ ਨਾ ਜਾਵੇ ਉਸ ਨੂੰ ਗ਼ਜ਼ਲ ਨਾ ਆਖੋ

ਖ਼ੂਬੀ ਗਜ਼ਲ ਦੀ ਇਹ ਹੈ ਦਿਲ ਨੂੰ ਚੜ੍ਹਾਵੇ ਮਸਤੀ
ਜਿਹੜੀ ਦਿਮਾਗ ਖਾਵੇ ਉਸ ਨੂੰ ਗਜ਼ਲ ਨਾ ਆਖੋ

ਹਰ ਸ਼ਿਅਰ ਅਪਣੀ ਅਪਣੀ ਪੂਰੀ ਕਹਾਣੀ ਦੱਸੇ
ਜੇ ਅਧ ਚੋਂ ਟੁੱਟ ਜਾਵੇ ਉਸ ਨੂੰ ਗਜ਼ਲ ਨਾ ਆਖੋ

ਮਿਸਰਾ ਤਾਂ ਪਹਿਲੋਂ ਮੁੱਕੇ ਖੁਲ ਜਾਣ ਅਰਥ ਪਹਿਲੋਂ
ਉਲਝਣ ਦੇ ਵਿਚ ਜੋ ਪਾਵੇ ਉਸ ਨੂੰ ਗਜ਼ਲ ਨਾ ਆਖੋ

ਬੇ ਮਾਇਣੀ ਗਲ ਕੋਈ ਜੱਚਦੀ ਨਹੀਂ ਗਜ਼ਲ ਵਿਚ
ਆਇਣਾ ਸਮਝ ਨਾ ਆਵੇ, ਉਸ ਨੂੰ ਗਜ਼ਲ ਨਾ ਆਖੋ

ਮਖ਼ਸੂਸ ਸ਼ਬਦ ਹੀ ਕੁਝ ਯਾਰੋ ਗਜ਼ਲ ਲਈ ਹਨ
ਬਾਹਰ ਜੋ ਉਸ ਤੋਂ ਜਾਵੇ ਉਸ ਨੂੰ ਗਜ਼ਲ ਨਾ ਆਖੋ

ਹਰ ਬਾਤ ਇਸ਼ਕ ਦੇ ਵਿਚ ਰੰਗੀ ਹੋਇ ਗਜ਼ਲ ਦੀ
ਜੋ ਖ਼ੁਸ਼ਕੀਆਂ ਚੜ੍ਹਾਵੇ ਉਸ ਨੂੰ ਗਜ਼ਲ ਨਾ ਆਖੋ

ਫੁਲਾਂ ਦੇ ਵਾਂਗ ਖ਼ੁਸ਼ਬੂ ਵੰਡਣ ਗਜ਼ਲ ਦੇ ਮਿਸਰੇ
ਜਿਸ ਚੋਂ ਸੜ੍ਹਾਦ ਆਵੇ ਉਸ ਨੂੰ ਗਜ਼ਲ ਨਾ ਆਖੋ

ਮਸਤੀ ਸ਼ਰਾਬ ਵਰਗੀ, ਮੁਟਿਆਰ ਵਰਗਾ ਨਖ਼ਰਾ
ਨਜ਼ਰਾਂ ਚਿ ਨਾ ਸਮਾਵੇ ਉਸ ਨੂੰ ਗ਼ਜ਼ਲ ਨਾ ਆਖੋ

ਸੰਗੀਤ ਦੀ ਮਧੁਰਤਾ ਝਰਨੇ ਜਿਹੇ ਰਵਾਨੀ
ਜੋ ਕਰ ਨਜਰ ਨਾ ਆਵੇ ਉਸ ਨੂੰ ਗ਼ਜ਼ਲ ਨਾ ਆਖੋ

ਸ਼ਿਅਰਾਂ ਦਾ ਅਰਥ ਓਦਾਂ ਲੰਘੇ ਲੁਗ਼ਾਤ ਦੇ ਵਿਚੋਂ
ਫ਼ਿਰ ਭੀ ਗ਼ਜ਼ਲ ਦੇ ਦਾਅਵੇ ? ਉਸ ਨੂੰ ਗ਼ਜ਼ਲ ਨਾ ਆਖੋ !

ਅਣਹੋਣੀਆਂ ਦਲੀਲਾਂ ਉਪਮਾਵਾਂ ਅਤਿ—ਅਸੰਭਵ
ਅਸ਼ਲੀਲਤਾ ਵਧਾਵੇ ਉਸ ਨੂੰ ਗ਼ਜ਼ਲ ਨਾ ਆਖੋ

ਮਹਿਫ਼ਿਲ ਚਿ ਥਿਰਕਦੀ ਹੈ ਜਿੱਦਾਂ ਹੁਸੀਨ "ਨਾਚੀ"
ਉਹ ਰੰਗ ਨਾ ਜਮਾਵੇ ਉਸ ਨੂੰ ਗ਼ਜ਼ਲ ਨਾ ਆਖੋ

ਬ੍ਰਿਹਣ ਦਾ ਦਰਦ ਹੋਵੇ ਜਾਂ ਵਸਲ ਦੀ ਲਤਾਫਤ
ਜੋ ਇਸ਼ਕ ਨਾ ਜਗਾਵੇ ਉਸ ਨੂੰ ਗ਼ਜ਼ਲ ਨਾ ਆਖੋ

ਮਹਿਬੂਬ ਨਾਲ ਗੱਲਾਂ ਸਾਕੀ ਦੇ ਨਾਲ ਸ਼ਿਕਵੇ
ਇਹ ਦ੍ਰਿਸ਼ਯ ਨਾ ਦਿਖਾਵੇ ਉਸ ਨੂੰ ਗ਼ਜ਼ਲ ਨਾ ਆਖੋ

ਦਿਲ ਦੀ ਜ਼ਬਾਨ ਹੈ ਇਹ ਕਹਿਣਾ ਹੈ ਆਸ਼ਕਾਂ ਦਾ
ਕੋਈ ਪਹੇਲੀ ਪਾਵੇ ਉਸ ਨੂੰ ਗ਼ਜ਼ਲ ਨਾ ਆਖੋ

ਸੜੀਅਲ ਮਿਜ਼ਾਜ ਦੀਪਕ, ਡਿਗਰੀ ਦਾ ਰੋਅਬ ਦੇ ਕੇ
ਜੋ ਕਰ ਕਹਾਣੀ ਪਾਵੇ ਉਸ ਨੂੰ ਗ਼ਜ਼ਲ ਨਾ ਆਖੋ

× × ×

ਰਲ ਗਈ ਸੀ ਏਸ ਵਿਚ ਇਕ ਬੂੰਦ ਤੇਰੇ ਇਸ਼ਕ ਦੀ
ਏਸ ਲਈ ਮੈਂ ਉਮਰ ਦੀ ਸਾਰੀ ਕੁੜੱਤਣ ਪੀ ਲਈ।

— ਅੰਮ੍ਰਿਤਾ ਪ੍ਰੀਤਮ

ਇਕ/ਸਾਧੂ ਸਿੰਘ ਹਮਦਰਦ

ਵਾਅਦੇ ਨੂੰ ਤੇ ਸੱਚਾ ਕਦੇ ਮਨਦਾ ਨਹੀਂ।
ਭਾਂਡਾ ਤੇਰਾ ਫ਼ੇਰ ਵੀ ਮੈਂ ਭਨਦਾ ਨਹੀਂ।

ਮੇਰਾ ਰੋਗ ਮਨ ਦਾ ਹੈ ਤਨ ਦਾ ਨਹੀਂ।
ਸਾਰੇ ਇਹਨੂੰ ਮਨ ਦੇ ਉਹ ਮਨ ਦਾ ਨਹੀਂ।

ਲਾਈ ਲਗ ਸਾਡੇ ਲਾਗਿਓਂ ਨਹੀਉਂ ਲਗਦਾ
ਹੋਰ ਕੀਏ ਜੇ ਉਹ ਕੱਚਾ ਕੰਨ ਦਾ ਨਹੀਂ।

ਰਖਦੇ ਰਕੀਬ ਨੂੰ ਓ ਨਾਲ ਆਪਣੇ
ਧੱਬੇ ਬਿਨਾ ਰੋਹਬ ਸਾਡੇ ਚੰਨ ਦਾ ਨਹੀਂ।

ਜਾਨ ਵੀ ਹੈ ਸੌਂਪ ਦਿਤੀ ਅਸਾਂ ਓਸ ਨੂੰ
ਹਾਏ ਰੱਜ ਫੇਰ ਵੀ ਉਹ ਮਨਦਾ ਨਹੀਂ।

ਐਬ 'ਹਮਦਰਦ' ਵਿਚ ਸਾਰੇ ਹੋਣਗੇ
ਗੁਣ ਇਕੋ ਹੈ, ਕਿ ਭੈੜਾ ਮਨ ਦਾ ਨਹੀਂ।

+ + +

ਦੋ/ਮੁਜਰਿਮ ਦਸੂਹੀ

ਇਨਕਾਰ ਤੁਹਾਡੀਆਂ ਅੱਖਾਂ ਵਿਚ ਇਕਕਾਰ ਤੁਹਾਡੀਆਂ ਅੱਖੀਆਂ ਵਿਚ
ਦੋਵੇਂ ਹੀ ਮਿਲ ਕੇ ਰਹਿੰਦੇ ਨੇ ਸਕਕਾਰ ਤੁਹਾਡੀਆਂ ਅੱਖੀਆਂ ਵਿਚ

ਪੈਗਾਮ ਕਿਸੇ ਨੂੰ ਜੀਵਨ ਦਾ ਪੈਗਾਮ ਕਿਸੇ ਨੂੰ ਮ੍ਰਿਤੂ ਦਾ
ਜੀਵਨ ਤੇ ਮ੍ਰਿਤੂ ਦੋਹਾਂ ਦਾ ਭੰਡਾਰ ਤੁਹਾਡੀਆਂ ਅੱਖੀਆਂ ਵਿਚ।

ਇਕ ਪਲ ਤੇ ਅੱਖੀਆਂ ਲੱਗ ਜਾਵਨ ਦੂਜੇ ਪਲ ਅੱਖੀਆਂ ਲੱਗੀਆਂ ਨਾ
ਤਾਸੀਰ ਅਨੋਖੀ ਵੇਖੀ ਏ ਹਰ ਬਾਰ ਤੁਹਾਡੀਆਂ ਅੱਖੀਆਂ ਵਿਚ

ਹੰਝੂਆਂ ਹਾਵਿਆਂ ਤੇ ਹੌਕਿਆਂ ਦੀ ਸੌਗਾਤ ਮਿਲੀ ਹੈ ਆਸ਼ਕ ਨੂੰ
ਪਰ ਦੂਤੀ ਦੇ ਲਈ ਭਰ ਦਿਤਾ ਹੈ ਪਿਆਰ ਤੁਹਾਡੀਆਂ ਅੱਖੀਆਂ ਵਿਚ

ਮੰਦਰ ਮਸਜਿਦ ਤੇ ਗਿਰਜੇ ਚੋਂ ਜਦ ਬੂੰਦ ਮਿਲੀ ਨਾ ਮਸਤੀ ਦੀ
ਫਿਰ ਨੀਝ ਲਗਾ ਕੇ ਬੈਠ ਗਿਆ ਮੈਅ-ਖ਼ਾਰ ਤੁਹਾਡੀਆਂ ਅੱਖੀਆਂ ਵਿਚ

ਸੰਸਾਰਕ ਲੋਕਾਂ ਦਿਲ ਵਾਰੇ ਕੁਰਬਾਨ ਫ਼ਰਿਸ਼ਤੇ ਹੋ ਗਏ ਨੇ
ਸੰਸਾਰ ਤੋਂ ਵਖਰਾ ਵੇਖ ਲਿਆ ਸੰਸਾਰ ਤੁਹਾਡੀਆਂ ਅੱਖੀਆਂ ਵਿਚ

ਗੁੱਸਾ ਤੇ ਅੱਜ ਕਿਆਮਤ ਦੇ ਪਰ ਆਸ ਕਰਮ ਦੀ ਰੱਖਦੇ ਹਾਂ
ਆਸ਼ਾ ਦੇ ਨਾਲ ਨਿਰਾਸ਼ਾ ਦੀ ਤਕਰਾਰ ਤੁਹਾਡੀਆਂ ਅੱਖੀਆਂ ਵਿਚ

ਅੱਖੀਆਂ ਦੇ ਅੰਦਰ ਵੱਸ ਕੇ ਭੀ ਕਿਉਂ ਦੂਰ ਹੋਏ ਉਹ ਅਖੀਆਂ ਤੋਂ
ਸੰਸਾਰ ਤੁਹਾਨੂੰ ਢੂੰਡ ਰਿਹੈ ਸੰਸਾਰ ਤੁਹਾਡੀਆਂ ਅੱਖੀਆਂ ਵਿਚ

ਫਨਕਾਰ—ਅਦੀਬੋ! ਤੇ ਸ਼ਾਇਰੋ ਹੁਣ ਦੌਲਤ ਨਾਲ ਤੇ ਵਿਕਿਉ ਨਾ
ਕੱਖਾਂ ਤੋਂ ਹੌਲੇ ਹੋ ਗਏ ਜੇ ਜ਼ਰਦਾਰ ਤੁਹਾਡੀਆਂ ਅੱਖੀਆਂ ਵਿੱਚ

ਮੈਂ ਮੁਜਰਿਮ ਸੀ ਮੈਂ ਮੁਜਰਿਮ ਹਾਂ ਜੁਰਮਾਂ ਨੇ ਪਿੱਛਾ ਛਡਿਆ ਨਈਂ
ਮੁਖਤਾਰ ਸਦਾ ਮੁਖਤਾਰ ਰਹੇ ਮੁਖਤਾਰ ਤੁਹਾਡੀ ਅਖੀਆਂ ਵਿਚੋਂ

ਤਿੰਨ/ ਠਾਕਰ ਭਾਰਤੀ

ਤਪਦੇ ਮੌਸਮ ਚਿ ਤੇਰੀਆਂ ਗੱਲਾਂ
ਠੰਡੀਆਂ ਮਿੱਠੀਆਂ ਗਨੇਰੀਆਂ ਗੱਲਾਂ

ਸ਼ਾਰੇ ਰਸਤੇ ਚਿ ਕੇਰੀਆਂ ਗੱਲਾਂ
ਹਾਲੇ ਮੁੱਕੀਆਂ ਨਾ ਮੇਰੀਆਂ ਗੱਲਾਂ

ਚਲ ਨਿਕਲੀਆਂ ਤਾਂ ਫੇਰ ਨਾ ਰੁਕੀਆਂ
ਇਹ ਉੜਣੀਆਂ ਹਨੇਰੀਆਂ ਗਲਾਂ

ਕਿਧਰੇ ਕੀਲਣ ਖੜਕ ਪਿਆਂ ਨੂੰ ਕਿਧਰੇ
ਡੰਗ ਮਾਰਨ ਸਮੇਰੀਆਂ ਗੱਲਾਂ

ਮੈਂ ਰਿਹਾ ਚੁਪ ਤਾਂ ਮੇਰੀ ਚੁਪ ਤੋਂ ਭੀ
ਦੋਸਤਾਂ ਨੇ ਉਘੇਰੀਆਂ ਗੱਲਾਂ

ਹੋਰ ਦੁਨੀਆਂ ਨੂੰ ਕੰਮ ਨਹੀਂ ਕੋਈ
ਤੇਰੀਆਂ ਤੇ ਜਾਂ ਮੇਰੀਆਂ ਗੱਲਾਂ

ਹੁਣ ਮੈਂ ਐਸੀ ਜਗਾਹ ਤੇ ਹਾਂ ਜਿੱਥੇ
ਦੇ ਨਾ ਸਕਣ ਦਲੇਰੀਆਂ ਗੱਲਾਂ

ਸੁਰਤ ਇਕਾਗਰ ਕਰੋ ਤਾਂ ਦਸਦਾ ਹਾਂ
ਹੋਰ ਭੀ ਹਨ ਬਥੇਰੀਆਂ ਗੱਲਾਂ

ਗੱਲ ਹੈ ਘੜੀਆਂ ਪਲਾਂ ਦੀ ਐ ਠਾਕੁਰ
ਸੁਣ ਸਕੋਗੇ ਨਾ ਮੇਰੀਆਂ ਗੱਲਾਂ

× × ×

ਚਾਰ/ਡਾ: ਨਰੇਸ਼

ਮੈਂ ਜਿਧਰ ਦਾ ਰੁਖ ਕਰਦਾ ਹਾਂ ਪੈਰੀਂ ਚੰਮੜਣ ਫਿਰ ਫਿਰ ਸੱਪ।
ਮੈਂ ਸੱਪਾਂ ਦਾ ਸਾਹ ਮੇਰੀ ਸੇਵਾ ਵਿਚ ਹਰ ਪਲ ਹਾਜ਼ਿਰ ਸੱਪ।

ਤਨਹਾਈ ਦਿਆਂ ਡੰਗਾਂ ਤੋਂ ਮੁਕਤੀ ਦਾ ਇਹੋ ਇਕ ਸਾਧਨ ਸੀ,
ਸੋ ਮੈਂ ਘਰ ਦੀਆਂ ਕੰਧਾਂ ਉੱਤੇ ਲੀਕ ਲਏ ਹਨ ਆਖ਼ਿਰ ਸੱਪ।

ਮੁੜ ਮੁੜ ਮਨ ਨੂੰ ਸਮਝਾਉਂਦਾ ਹਾਂ ਤੂੰ ਮੇਰਾ ਏਂ ਸਿਰਫ਼ ਮੇਰਾ,
ਪਰ ਭਰਮਾਂ ਵਿਚ ਪਾ ਦਿੰਦੇ ਹਨ ਇਹ ਵਹਿਮਾਂ ਦੇ ਕਾਫ਼ਿਰ ਸੱਪ।

ਇਹ ਸ਼ਹਿਰਾਂ ਦੀ ਭੀੜ ਪਤਾ ਨਹੀਂ ਕਿੱਦਾਂ ਹਜ਼ਮ ਕਰੇਗੀ ਜ਼ਹਿਰ,
ਮੈਂ ਤਾਂ ਗ਼ਲੀਆਂ ਬਾਜ਼ਾਰਾਂ ਵਿਚ ਵੇਖ ਰਿਹਾ ਹਾਂ ਸਿਰ ਸਿਰ ਸੱਪ।

ਗਮ ਦਾ ਡਸਿਆ ਮਰ ਨਹੀਂ ਸਕਦਾ ਐਵੇਂ ਨਾ ਉਪਚਾਰ ਕਰੋ,
ਮੈਂ 'ਨਰੇਸ਼' ਉਨਾਂ ਚਿਰ ਜ਼ਿੰਦਾਂ ਜ਼ਿੰਦਾ ਏਂ ਜਿੰਨਾ ਚਿਰ ਸੱਪ।

× × ×

ਪੰਜ/ਡਾ: ਗੁਰਚਰਨ ਸਿੰਘ

ਸੀਨੇ ਦੀ ਸੁਲਘਦੀ ਨੂੰ ਬਾਰੂਦ ਲਾ ਰਿਹਾ ਹੈ
ਲਾਰਾ ਤੇਰਾ ਕਿਆਮਤ ਇਕ ਹੋਰ ਢਾ ਰਿਹਾ ਹੈ

ਕੇਸਾਂ ਦੀ ਕਾਂਗ ਨੇ ਨਹੀਂ ਕਾਲਾ ਆਕਾਸ਼ ਕੀਤਾ
ਬਦਨਾਮੀਆਂ ਦਾ ਲਸ਼ਕਰ ਸੱਫ ਬੰਨ੍ਹ ਕੇ ਆ ਰਿਹਾ ਹੈ

ਦਿਲ ਸਿਲ ਨਹੀਂ ਮਗਰ ਤੂੰ ਖੰਜਰ ਲਗਾ ਲੈ ਇਸ ਤੇ
ਬੇਵਰਤਿਆ ਪਿਆ ਹੈ, ਜੰਗਾਲ ਖਾ ਰਿਹਾ ਹੈ

ਸਿਦਕਾਂ ਦੇ ਬੋਟ ਉਤੇ ਝੁੱਲੇ ਹਜ਼ਾਰ ਝੱਖੜ
ਹਰ ਜ਼ੁਲਮ ਦਾ ਹਲੂਣਾ ਕੁਝ ਜਾਨ ਪਾ ਰਿਹਾ ਹੈ

ਜੱਲਾਦ ਦੀ ਨਜ਼ਰ ਨੇ ਤੱਕਿਆ ਹੈਰਾਨ ਹੋ ਕੇ
ਸੂਲੀ ਦੀ ਧਾਰ ਉੱਤੇ ਮਨਸੂਰ ਛਾ ਰਿਹਾ ਹੈ

'ਗੁਰਚਰਨ' ਨਾਲ ਹੱਥ ਨਾ ਕਰਨਾ ਕਰੀਬ ਹੋ ਕੇ
ਹੱਥਾਂ ਤੇ ਪਾਓ ਉਸ ਨੂੰ, ਹੱਥਾਂ ਤੋਂ ਜਾ ਰਿਹਾ ਹੈ।

+ + +

ਛੇ/ਦਾਗ਼ੀ ਗੜ੍ਹ ਸ਼ੰਕਰੀ

ਤਲਾਸ਼ ਉਸ ਦੀ ਮੈਨੂੰ ਜੋ ਦਿਖਾਈ ਦੇ ਨਹੀਂ ਸਕਦਾ
ਸ਼ਫ਼ਾ ਚਾਹੁੰਦਾ ਹਾਂ ਉਸ ਤੋਂ ਜੋ ਦਵਾਈ ਦੇ ਨਹੀਂ ਸਕਦਾ

ਨਜ਼ਰ ਦਾ ਤੀਰ ਲਗਦੈ ਜਿਸ ਅਭਾਗੇ ਦੇ ਕਲੇਜੇ ਨੂੰ
ਉਹ ਪਾਣੀ ਮੰਗ ਨਹੀਂ ਸਕਦਾ ਦੁਹਾਈ ਦੇ ਨਹੀਂ ਸਕਦਾ

ਮੈਂ ਉਸ ਨੂੰ ਵੇਖਣੇ ਦੀ ਤਾਂਘ ਰਖਦਾ ਹਾਂ ਸਦਾ ਦਿਲ ਵਿਚ
ਜੋ ਅਖਾਂ ਵਿਚ ਸਮਾ ਕੇ ਭੀ ਵਿਖਾਈ ਦੇ ਨਹੀਂ ਸਕਦਾ

ਮਿਰੀ ਇਹ ਜਾਨ ਅਪਣੀਂ ਹੈ ਮਗਰ ਇਹ ਦਿਲ ਪਰਾਇਆ ਹੈ
ਮੈਂ ਚੀਜ਼ ਅਪਣੀਂ ਤਾਂ ਸਕਦਾਂ ਪਰਾਈ ਦੇ ਨਹੀਂ ਸਕਦਾ

ਮੁਹੱਬਤ ਦਾ ਨਸ਼ਾ ਕੰਮਬਖਤ ਐਸਾ ਹੈ ਮਿਰੇ ਯਾਰੋ
ਕਿ ਅਖਾਂ ਹੁੰਦਿਆਂ ਕੁਝ ਭੀ ਵਿਖਾਈ ਦੇ ਨਹੀਂ ਸਕਦਾ

ਉਹ ਮੈਨੂੰ ਆਖਦੈ ਮੁੜ੍ਹਕੇ ਨਹੀਂ ਟੱਪਣੀਂ ਤਿਰੀ ਦਿਹਲੀ
ਮੈਂ ਕਹਿਨੈ ਉਸ ਨੂੰ ਤੂੰ ਮੈਨੂੰ ਜੁਦਾਈ ਦੇ ਨਹੀਂ ਸਕਦਾ

ਮੇਰੀ ਉਲਫਤ ਦੀ ਆਸ਼ਾ ਜਦ ਨਿਰਾਸ਼ਾ ਵਿਚ ਬਦਲਦੀ ਹੈ
ਮੈਂ ਦਿਲ ਦਾ ਰੁੱਗ ਭਰ ਲੈਨੈਂ ਦੁਹਾਈ ਦੇ ਨਹੀਂ ਸਕਦਾ

ਲਗਣ ਸੱਚੀ ਜੇ ਹੋਵੇ ਦੀਦ ਦੀ ਅੱਖਾਂ ਚਿ ਐ ਸਾਕੀ।
ਖ਼ੁਦਾ ਉਹ ਕੌਣ ਹੈ ਫਿਰ ਜੋ ਵਖਾਈ ਦੇ ਨਹੀਂ ਸਕਦਾ

+ + +

ਸੱਤ/ਮਹਿੰਦਰ ਦਰਦ

ਨਿਕਲਨਾ ਹੀ ਪੈ ਗਿਆ ਅਜ ਯਾਰ ਤੇਰੇ ਸ਼ਹਿਰ ਤੋਂ
ਲਹਿ ਗਿਆ ਵਾਧੂ ਜਿਹਾ ਇਕ ਭਾਰ ਤੇਰੇ ਸ਼ਹਿਰ ਤੋਂ

ਏਸੇ ਨਗਰੀ ਮਹਿਕ ਫੁੱਲਾਂ ਦੀ ਹੈ ਤੇਰੇ ਵਾਸਤੇ
ਪਰ ਫਕੀਰਾਂ ਨੂੰ ਮਿਲੇ ਕੁਝ ਖ਼ਾਰ ਤੇਰੇ ਸ਼ਹਿਰ ਤੋਂ

ਉਮਰ ਭਰ ਦਾ ਰੰਗ ਹੈ ਏਥੇ ਵਫਾਵਾਂ ਦਾ ਸਿਲਾ
ਜਾ ਰਹੇ ਹਾਂ ਹੋਕੇ ਅਜ ਬੀਮਾਰ ਤੇਰੇ ਸ਼ਹਿਰ ਤੋਂ

ਜੋਬਨਾਂ ਦੀ ਰੁੱਤ ਅੰਦਰ ਹੀ ਬੁਢਾਪਾ ਆ ਗਿਆ
ਵਾਰ ਦਿੱਤੀ ਹੈ ਜਵਾਨੀ ਯਾਰ ਤੇਰੇ ਸ਼ਹਿਰ ਤੋਂ

ਸੂਤ ਦੀ ਅੱਟੀ ਸਹੀ ਕੁਝ ਮੁੱਲ ਤਾਂ ਪੈਂਦਾ ਹੈ ਯਾਰ
ਬਹੁਤ ਚੰਗੇ ਮਿਸਰ ਦਾ ਬਾਜ਼ਾਰ ਤੇਰੇ ਸ਼ਹਿਰ ਤੋਂ

ਤਾਜ਼ਗ ਉਦਯੋਗ-ਪਤੀਆਂ ਦੀ ਮਹਾ ਧਰਤੀ ਹੈ ਇਹ
ਖਾ ਗਏ ਇਨਸਾਨ ਭੋਲੇ ਮਾਰ ਤੇਰੇ ਸ਼ਹਿਰ ਤੋਂ

ਜ਼ਿੰਦਗੀ ਦ ਦਾਮ ਦੇਕੇ ਮੌਤ ਦਾ ਸੌਦਾ ਲਿਆ
ਸਿੱਖ ਕੇ ਚੱਲੇ ਹਾਂ ਇਕ ਬਿਉਪਾਰ ਤੇਰੇ ਸ਼ਰਿਰ ਤੋਂ

ਇਹ ਹੈ ਉਹ ਨਗਰੀ ਜੂਏ ਬਾਜ਼ੀ ਜਿਦਾ ਜਬਰੀ ਕਾਨੂੰਨ
ਤੁਰ ਗਏ ਕੁਝ ਲੋਕ ਬਾਜ਼ੀ ਹਾਰ ਤੇਰੇ ਸ਼ਹਿਰ ਤੋਂ

+ + +

ਅੱਠ/ਪ੍ਰਕਾਸ਼ ਸਾਥੀ

ਆਪਣਾ ਨਾ ਕੋਈ ਮਿਲਿਆ ਜੋ ਦਰਦ ਵੰਡਾ ਲੈਂਦਾ
ਪੈਰਾਂ ਵਿਚ ਰੁਲਦੇ ਨੂੰ ਪਲਕਾਂ ਤੇ ਬਿਠਾ ਲੈਂਦਾ

ਪਲ ਦੇ ਵਿਚ ਮੁੱਕ ਜਾਂਦਾ ਉਮਰਾਂ ਦਾ ਗਿਲਾ ਮੇਰਾ
ਸੁਪਣੇ ਂਚ ਸਜਣ ਹੱਸ ਕੇ ਇਕ ਬਾਰ ਬੁਲਾ ਲੈਂਦਾ

ਕੀ ਕਹਿੰਦੇ ਹੋ ! ਭੁੱਲ ਜਾਵਾਂ ? ਤੁਸੀਂ ਆਪ ਜ਼ਰਾ ਸੋਚੋ
ਵੱਸ ਹੁੰਦਾ ਮਿਰਾ ਜੇ ਕਰ ਹੁਣ ਤਕ ਨਾ ਭੁਲਾ ਲੈਂਦਾ

ਗੱਲ ਪਿਆਰ ਦੀ ਦੱਸੇਗਾ ਹੰਝੂ ਇਹ ਪਤਾ ਹੁੰਦਾ
ਆਹਾਂ ਦੀ ਹਵਾ ਦੇ ਕੇ ਪਲਕਾਂ ਚਿ ਸੁਕਾ ਲੈਂਦਾ

ਮਿਲਦੋਂ ਜੇ ਕਦੇ ਸਜਣਾ ਹੰਝੂਆਂ ਥੀਂ ਕਦਮ ਧੋ ਕੇ
ਅਜ਼ਲਾਂ ਤੋਂ ਰੁੱਸੀ ਅਪਣੀ ਤਕਦੀਰ ਮਨਾ ਲੈਂਦਾ

ਰੱਬ ਜੇ ਕਦੀ ਪੁੱਛ ਲੈਂਦਾ ਤਕਦੀਰ ਲਿਖਣ ਵੇਲੇ
ਗਮ ਤੇਰੇ ਮੈਂ ਸਭ ਸਾਥੀ ਆਪਣੇ ਚਿ ਲਖਾ ਲੈਂਦਾ

× × ×

ਨੌਂ/ਗੁਰਦਿਤ ਸਿੰਘ ਕੁੰਦਨ

ਜੀਵਨ ਹੁਸੀਨ ਜਿਸਦਾ, ਮਰਦਾ ਵੀ ਮੁਸਕਰਾਏ,
ਤਾਰਾ ਜਦੋਂ ਵੀ ਟੁਟੇ, ਟੁੱਟਦਾ ਵੀ ਜਗਮਗਾਏ।

ਸ਼ਾਇਰ ਦੀ ਜ਼ਿੰਦਗੀ ਵੀ, ਆਸ਼ਿਕ ਦੀ ਜ਼ਿੰਦਗੀ ਹੈ,
ਓਨੀ ਖੁਸ਼ੀ ਨਾ ਵੇਖੇ, ਜਿਨੇ ਇਹ ਗਮ ਹੰਢਾਏ।

ਮੇਰੀ ਫਨਾਹ ਹੈ ਹਸਤੀ, ਉਹ ਅਮਰ ਹੋ ਗਏ ਨੇ
ਉਹਦੇ ਹਿਜਰ ਦੇ ਅੰਦਰ ਜਿਹੜੇ ਮੈਂ ਗੀਤ ਗਾਏ।

ਜਿਹਨਾਂ ਦੀ ਉਮਰ ਭਰ ਹੀ, ਰਹੀ ਹੈ ਤਲਾਸ਼ ਮੈਨੂੰ,
ਮੈਂ ਨਾ ਪੁਛ ਸਕਿਆ, ਜਦ ਮੇਰੇ ਕੋਲ ਆਏ।

ਡਰਦਾ ਹਾਂ ਇਸ਼ਕ ਮੇਰਾ, ਸੁਖ ਨੀਂਦ ਸੌਂ ਨਾ ਜਾਏ,
ਏਸੇ ਲਈ ਦਰਦ ਦਿਲ ਦੇ, ਕਈ ਵਾਰ ਨੇ ਜਗਾਏ।

ਯਾਦਾਂ ਪੁਰਾਣੀਆਂ ਦਾ, ਹੁੰਦਾ ਬੜਾ ਨਸ਼ਾ ਹੈ,
ਮਸਤੀ 'ਚ ਪੈਰ ਮੇਰੇ, ਕਈ ਵਾਰ ਡਗਮਗਾਏ।

ਹਿਜਰਾਂ ਦੀ ਧੁੱਪ ਮੈਨੂੰ, ਹੁਣ ਕਿੱਦਾਂ ਪੁਹ ਸਕੇਗੀ,
ਮਨ ਉਤੇ ਹੋ ਗਏ ਨੇ ਗੂੜੇ ਗਮਾਂ ਦੇ ਸਾਏ।

ਸੇਜਾਂ ਤੇ ਰਹੇ ਰੋਂਦਾ, ਜੋ ਦਿਲ ਹੈ ਹਾਰ ਜਾਂਦਾ,
ਕਾਮਿਲ ਹੈ ਇਸ਼ਕ ਜਿਸਦਾ, ਸੂਲੀ ਤੇ ਮੁਸਕਰਾਏ।

ਇਕ ਬੂੰਦ ਸਾਗਰਾਂ ਤੋਂ, ਅਫਜ਼ਲ ਹੈ ਕੀਮਤੀ ਹੈ,
ਰੂਹਾਂ ਪਿਆਸੀਆਂ ਦੀ ਜੋ ਪਿਆਸ ਨੂੰ ਬੁਝਾਏ।

ਜੀਵਨ ਨਿਰੀ ਹੈ ਭਟਕਣ, ਤੇ ਮੌਤ ਨਿਰੀ ਮੁਕਤੀ,
ਪੈਂਡੇ ਗਿਆ ਮੁਸਾਫਰ ਮੰਜ਼ਲ ਤੇ ਪਹੁੰਚ ਜਾਏ।

+ + +

ਦਸ/ਬਲਬੀਰ ਸੈਣੀ

ਗਜ਼ਬ ਢਾ ਰਹੀ ਹੈ ਨਜ਼ਾਕਤ ਕਿਸੇ ਦੀ।
ਬਣੀ ਜਾਨ-ਲੇਵਾ ਹੈ ਆਦਤ ਕਿਸੇ ਦੀ।

ਕਿਤੇ ਪੂਜੀ ਜਾਂਦੀ ਹੈ ਵਹਿਸ਼ਤ ਕਿਸੇ ਦੀ।
ਕਿਤੇ ਰੋਲੀ ਜਾਵੇ ਸ਼ਰਾਫਤ ਕਿਸੇ ਦੀ।

ਫੜੀ ਫਿਰਦੈ ਠੂਠਾ ਜੋ ਖੁਦ ਆਪਣੇ ਹਥ ਵਿਚ,
ਕਿਵੇਂ ਕਰ ਸਕੂ ਉਹ ਹਿਫ਼ਾਜ਼ਤ ਕਿਸੇ ਦੀ।

ਕਦੀ ਤਾਂ ਮੁਹੱਬਤ 'ਚੋਂ ਮਿਲਦਾ ਏ ਜੀਵਨ,
ਕਦੇ ਮੌਤ ਬਖਸ਼ੇ ਮੁਹੱਬਤ ਕਿਸੇ ਦੀ।

ਮਿਰੇ ਹੰਝੂ ਸੀ ਉਸ ਦੀ ਝੋਲੀ 'ਚ ਡਿੱਗੇ,
ਮੈਂ ਪਰਤਾਈ ਏਦਾਂ ਅਮਾਨਤ ਕਿਸੇ ਦੀ।

ਪੁਜਾਰੀ ਹਾਂ ਮੈਂ ਓਸ ਦੇ ਦਰ ਦਾ ਜ਼ਾਹਿਦ !
ਨਹੀਂ ਮੈਥੋਂ ਹੁੰਦੀ ਇਬਾਦਤ ਕਿਸੇ ਦੀ।

ਪਰੇਸ਼ਾਨੀ ਮੇਰੀ ਖਰੀ ਲੱਗੇ ਮੈਨੂੰ,
ਪਰੇਸ਼ਾਨੀ ਮੇਰੀ ਹੈ ਰਾਹਤ ਕਿਸੇ ਦੀ।

ਮਿਰਾ ਉਸਦਾ ਝਗੜਾ ? ਅਸੰਭਵ, ਅਸੰਭਵ,
ਇਦ੍ਹੇ ਵਿਚ ਹੈ ਲਗਦੀ ਸ਼ਰਾਰਤ ਕਿਸੇ ਦੀ।

ਉਸ ਦੀ ਇਬਾਦਤ ਮਿਰੇ ਤੋਂ ਨਈਂ ਹੋਣੀ,
ਕਰੇ ਜਿਹੜਾ 'ਸੈਣੀ' ਇਬਾਦਤ ਕਿਸੇ ਦੀ।

+ + +

ਗਿਆਰਾਂ/ਜਸਵੰਤ ਰਾਏ 'ਰਾਏ'

ਹੁਣੇ ਇਕਰਾਰ ਹੋਇਆ ਸੀ ਹੁਣੇ ਇਨਕਾਰ ਹੁੰਦਾ ਏ
ਇਹ ਇਕ ਵਾਰੀ ਨਹੀਂ ਹੋਇਆ ਅਨੇਕਾਂ ਵਾਰ ਹੁੰਦਾ ਏ

ਓਹ ਪਾਣੀ ਤਕ ਨਹੀਂ ਮੰਗਦਾ ਜੋ ਡੰਗਿਆ ਜ਼ੁਲਫ ਨਾਗਣ ਨੇ
ਜੋ ਫੱਟ ਵਗਨੋ ਨਹੀਂ ਰੁਕਦਾ ਨਜ਼ਰ ਦਾ ਵਾਰ ਹੁੰਦਾ ਏ

ਨਜ਼ਰ ਨੀਵੀਂ ਸ਼ਕਲ ਭੋਲੀ ਬਚੀਂ ਬਚ ਕੇ ਰਵੀਂ ਵੇਖੀਂ
ਕਿ ਦਿਲ ਦਿਲਬਰ ਦਾ ਜ਼ੁਲਫ਼ਾਂ ਵਾਂਗ ਗੁੰਝਲਦਾਰ ਹੁੰਦਾ ਏ

ਝਿੜਕ ਦਿੱਤਿਆਂ ਵੀ ਮਰ ਜਾਂਦੈ ਤੇ ਮੁਸਕਾਇਆਂਵੀ ਮਰ ਜਾਂਦੈ
ਇਹ ਮਰ ਜਾਣਾ ਅਨੋਖਾ ਇਸ਼ਕ ਦਾ ਬੀਮਾਰ ਹੁੰਦਾ ਏ

ਹਸੀ ਜਾ ਮੁਕਰ ਜਾ ਬੇਸ਼ਕ ਮੈਂ ਤੇਰੀ ਨ੍ਹਾਂ ਤੋਂ ਵਾਕਫ ਹਾਂ
ਇਸ਼ਾਰਾ ਨਾਂ ਦੇ ਵਿਚ ਹਾਂ ਦਾ ਜੀ ਹਾਂ ਸਰਕਾਰ ਹੁੰਦਾ ਏ

ਥਲਾਂ ਦਾ ਸਾੜ ਕਚਿਆਂ ਦਾ ਸਹਾਰਾ ਮੌਤ ਨੂੰ ਵਾਜਾਂ
ਸ਼ਹਾਦਤ ਆਸ਼ਕਾਂ ਦੀ ਇਸ਼ਕ ਦਾ ਸਤਿਕਾਰ ਹੁੰਦਾ ਏ

ਬੜਾ ਨਾਜ਼ਕ ਹੈ ਦਿਲ "ਰਾਏ" ਦਾ ਵੇਖੀਂ ਤੋੜ ਨਾ ਦੇਵੀਂ
ਦਿਲਾਂ ਟੁੱਟਿਆਂ ਦਾ ਮੁੜ ਕੇ ਜੋੜਨਾ ਦੁਸ਼ਵਾਰ ਹੁੰਦਾ ਏ

+ + +

ਬਾਰਾਂ/ਮੁਨਸ਼ੀ ਰਾਮ ਹਸਰਤ

ਗਿਣ ਦਿਆਂ ਤਾਰੇ ਸਿਰੋਂ ਰਾਤ ਢਲੀ ਤੇਰੇ ਬਿਣਾ
ਚਾਨਣੀ ਹਸਦੀ ਰਹੀ ਸਿਰ ਤੇ ਖਲੀ ਤੇਰੇ ਬਿਣਾ

ਲੋਰੀਆਂ ਦਿੰਦੇ ਰਹੇ ਮਸਤ ਬਹਾਰਾਂ ਦੇ ਰਬਾਬ
ਨਾ ਖਿੜੀ ਰੀਝਾਂ ਭਰੀ ਦਿਲ ਦੀ ਕਲੀ ਤੇਰੇ ਬਿਣਾ

ਜਾ ਰਿਹਾਂ ਆਸਾਂ ਉਮੀਦਾਂ ਨੂੰ ਗਮਾਂ ਵਿਚ ਢਾਲੀ
ਬੇ ਕਰਾਰਾਂ ਦੀ ਤਰਾਂ ਤਲੀਆਂ ਮਲੀ ਤੇਰੇ ਬਿਣਾ

ਭਾਲਦਾ ਤੈਨੂੰ ਰਿਹਾ ਲੈ ਕੇ ਉਮੀਦਾਂ ਦੇ ਚਰਾਗ
ਠੋਕਰਾਂ ਖਾਂਦਾ ਰਿਹਾ ਗਲੀ-ਓ-ਗਲੀ ਤੇਰੇ ਬਿਣਾ

ਕਿਉਂ ਕਰਾਂ ਤੇਰੇ ਬਿਣਾ ਹੋਰ ਕਿਸੇ ਨੂੰ ਸਿਜਦੇ
ਕਿਉਂ ਕਿਸੇ ਅੱਗੇ ਕਰਾਂ ਸਖਣੀਂ ਤਲੀ ਤੇਰੇ ਬਿਣਾ

ਤੱਤਿਆਂ ਰੇਤਿਆਂ ਵਿਚ ਭਾਲ ਰਹੇ ਤੇਰ ਨਸ਼ਾਂ
ਗਰਮੀਆਂ ਕਾਹੜਿਆਂ ਵਿਚ ਜਾਨ ਤੱਲੀ ਤੇਰੇ ਬਿਣਾ

+ + +

ਤੇਰਾਂ/ਝੱਲਾ ਫ਼ਰੀਦਕੋਟੀ

ਇਸ ਰੋਗ ਅਵੱਲੇ ਦੀ ਹਰ ਪੀੜ ਅਵੱਲੀ ਏ
ਇਹ ਇਸ਼ਕ ਭੀ ਝੱਲਾ ਏ ਇਹ ਪ੍ਰਤੀਤ ਭੀ ਝੱਲੀ ਏ

ਸਜਣਾਂ ਦੇ ਸੁਨੇਹੜੇ ਉਹ ਸਜਣਾਂ ਦੀਆਂ ਯਾਦਾਂ ਵਿਚ
ਓਦਾਂ ਭੀ ਤਸੱਲੀ ਸੀ ਏਦਾਂ ਭੀ ਤਸੱਲੀ ਏ

ਰੋਗਾਂ ਦਿਆਂ ਭੂਤਾਂ ਦਾ ਇਕ ਝੁੰਡ ਡਰਾਉਣਾ ਹੈ
ਡੈਣਾਂ ਦੀਆਂ ਧਾੜਾਂ ਨੇ ਇਕ ਜਾਨ ਇਕੱਲੀ ਏ

ਸੀਨੇ ਤੇ ਯਾਦਾਂ ਦੇ ਅਣ ਤੋਲੇ ਪਥਰ ਨੇ
ਹੌਕੇ ਅਤੇ ਆਹਾਂ ਨੇ ਚੁੱਕੀ ਤਰਥਲੀ ਏ

ਕਿਸੇ ਵੇਲੇ ਵਿਹਲੀ ਨਈਂ ਇਹ ਜਿੰਦ ਨਮਾਣੀ ਹੁਣ
ਕਦੀ ਇਸ਼ਕ ਨੇ ਮੱਲੀ ਏ ਕਦੀ ਦਰਦ ਨੇ ਮੱਲੀ ਏ

ਇਹ ਆਸ ਦੀ ਜੋਤੀ ਹੈ ਪਥਰਾਈਆਂ ਨਜ਼ਰਾਂ ਦੀ
ਇਹ ਦਰਦ ਦੇ ਦੌਰੇ ਨੇ ਇਹ ਪੀੜ ਦੀ ਜੱਲੀ ਏ

ਕਦੀ ਯਾਦ ਨਾ ਆਈ ਹੈ ਮੇਰੇ ਝੱਲੇ ਮਾਹੀ ਨੂੰ
ਕਦੀ ਸੁਖ ਸੁਨੇਹੜੇ ਦੀ ਉਸ ਖਬਰ ਨਾ ਘੱਲੀ ਏ

+ + +

ਚੌਦਾਂ/ਅਮਰਜੀਤ ਸੰਧੂ

ਸੱਜਣ ਦੇ ਪੈਰਾਂ ਨੂੰ, ਸੱਜਣ ਮਿਹਰ ਕਰੇ ਤਾਂ ਚੁੰਮ ਲਵਾਂ ਮੈਂ।
ਮੇਰੀ ਇਕ ਗੁਸਤਾਖੀ, ਮੇਰਾ ਯਾਰ ਜਰੇ ਤਾਂ ਚੁੰਮ ਲਵਾਂ ਮੈਂ।

ਜੇ ਮੇਰੇ ਘਰ ਆਵੇ ਪ੍ਰੀਤਮ, ਮੈਂ ਦਿਲ ਪੈਰਾਂ ਹੇਠ ਵਿਛਾਵਾਂ
ਮੇਰੀ ਸਰਦਲ ਤੇ ਉਹ ਸੁਹਣਾ, ਪੈਰ ਧਰੇ ਤਾਂ ਚੁੰਮ ਲਵਾਂ ਮੈਂ।

ਹਸਦੇ ਓ ਤਾਂ ਗੱਲ੍ਹਾਂ ਅੰਦਰ, ਟੋਏ ਪੈ ਪੈ ਜਾਂਦੇ ਨੇ ਜੋ
ਜੀ ਕਰਦਾ ਏ ਨਾਲ ਨਸ਼ੇ ਦੇ, ਹੋਣ ਭਰੇ ਤਾਂ ਚੁੰਮ ਲਵਾਂ ਮੈਂ।

ਸੱਜਣ ਦੇ ਬੁਲ੍ਹਾਂ ਤੇ ਵੇਖੋ, ਮੁਸਕਾਨਾਂ ਦੀ ਝਿਲਮਿਲ ਝਿਲਮਿਲ
ਇਸ਼ ਵੇਲੇ ਜੇ ਗੈਰ ਜ਼ਰਾ ਵੀ, ਹੋਣ ਪਰੇ ਤਾਂ ਚੁੰਮ ਲ਼ਵਾਂ ਮੈਂ।

ਹਾਲੀ ਵੀ ਨੇ ਯਾਦ ਉਵੇਂ ਹੀ, ਨੀਲੇ ਨੀਲੇ ਬੁਲ੍ਹ ਉਨ੍ਹਾਂ ਦੇ
ਹੁਣ ਵੀ ਕਿਧਰੇ ਮਿਲ ਵੈਸਣ ਜੇ, ਠਰੇ ਠਰੇ ਤਾਂ ਚੁੰਮ ਲਵਾਂ ਮੈਂ।

ਸੁਹਣੇ ਦੇ ਹੱਥਾਂ ਦਾ ਲਿਖਿਆ, ਸੁਹਣਾ ਪੱਤਰ ਮਿਲਿਐ ਮੈਨੂੰ
ਇਸ ਦਫਤਰ ਦਾ 'ਬਾਸ' ਨਿਕੰਮਾਂ, ਪਰ੍ਹੇ ਮਰੇ ਤਾਂ ਚੁੰਮ ਲਵਾਂ ਮੈਂ

ਕਿੰਨੀ ਮੁੱਦਤ ਬਾਅਦ ਉਨ੍ਹਾਂ ਦੇ ਘਰ, ਉਹਨਾਂ ਨੂੰ ਮਿਲਨ ਜਾ ਰਿਹਾਂ
ਯਾ ਅੱਲਾ ! ਇਸ ਵੇਲੇ 'ਕੱਲੇ, ਹੋਣ ਘਰੇ ਤਾਂ ਚੁੰਮ ਲਵਾਂ ਮੈਂ।

× × ×

ਪੰਦਰਾਂ/ਪਰੇਮ ਸਿੰਘ ਮਾਨ

ਰੋਸਿਆਂ ਤੇ ਸ਼ਿਕਵਿਆਂ ਭਰੀਆਂ ਅਦਾਵਾਂ ਹਾਂਣੀਆਂ
ਦੇ ਰਿਹਾ ਏਂ ਕਾਹਦੀਆਂ ਮੈਨੂੰ ਸਜਾਵਾਂ ਹਾਂਣੀਆਂ

ਉਹੀਉ ਸੁਣ ਕੇ ਡੋਲ੍ਹ ਦੇ ਮੇਰੇ ਲਈ ਨੈਣਾਂ ਚੋਂ ਨੀਰ
ਜਿਸ ਨੂੰ ਤੇਰੀ ਬੇ ਵਫਾਈ ਮੈਂ ਸੁਣਾਵਾਂ ਹਾਣੀਆਂ

ਉਹ ਘੜੀ ਨਾ ਲੱਭਦੀ ਨਾ ਉਹ ਸਮਾਂ ਹੀ ਲੱਭਦੈ
ਤੂੰ ਜਦੋਂ ਮੈਨੂੰ ਸੀ ਕਰਦਾ ਹੱਥੀਂ ਛਾਵਾਂ ਹਾਣੀਆਂ

ਸੜਣ ਤੜਪਣ ਚੀਸਾਂ ਪੀੜਾਂ ਹਉਕਿਆਂ ਦੇ ਢੇਰ ਨੇ
ਕੈਸੀਆਂ ਤੂੰ ਛੱਡੀਆਂ ਹਨ ਇਹ ਹਵਾਵਾਂ ਹਾਣੀਆਂ

ਹਰ ਘੜੀ ਭਾਵੇਂ ਦਗਾ ਦਿੰਦਾ ਰਿਹਾ ਇਸ ਦਿਲ ਨੂੰ ਤੂੰ
ਫੇਰ ਭੀ ਦਿਲ ਦੇ ਰਿਹੈ ਤੈਨੂੰ ਦੁਆਵਾਂ ਹਾਣੀਆਂ

+ + +

ਸੋਲਾਂ/ਅੰ ਮ੍ਰਿਤਸਰੀਆ ਰਾਮ ਚਮਨ

ਪਤਾ ਨਈਂ ਬੁਰਾ ਜਾਂ ਭਲਾ ਕਰਦਾ ਰਹਿਨੈ
ਇਹ ਕਹਿੰਦੇ ਨੇ ਲੋਕੀ ਖ਼ਤਾ ਕਰਦਾ ਰਹਿਨੈ

ਕਲੇਜੇ ਤੇ ਰੱਖ ਲਏ ਨੇ ਸਬਰਾਂ ਦੇ ਪੱਥਰ
ਮੈਂ ਉਸ ਨਾਲ ਏਦਾਂ ਨਿਭਾ ਕਰਦਾ ਰਹਿਨੈ

ਕਿਸੇ ਮੋੜ ਉੱਤੇ ਜੇ ਮਿਲਦਾ ਹੈ ਦਿਲਬਰ
ਮੈਂ ਆਪਣੇ ਫਰਜ਼ ਨੂੰ ਅਦਾ ਕਰਦਾ ਰਹਿਨੈ

ਉਹ ਬੋਲੇ ਨਾ ਬੋਲੇ ਮਿਰੇ ਨਾਲ ਭਾਵੇਂ
ਮੈਂ ਸਿਜਦੇ ਸਦਾ ਬਾਰਹਾ ਕਰਦਾ ਰਹਿਨੈ

ਮੈਨੂੰ ਵੇਖ ਮੱਥੇ ਤੇ ਤਿਉੜੀ ਨਾ ਪਾਉ
ਮੈਂ ਉਹਨਾਂ ਨੂੰ ਇਹ ਇਲਤਜਾ ਕਰਦਾ ਕਹਿਨੈ

ਮਿਰੇ ਰਾਹ 'ਚ ਕੋਈ ਖਿਲਾਰੇ ਜੇ ਕੰਡੇ
ਮੈਂ ਉਸਦੇ ਰਾਹਾਂ ਨੂੰ ਸਫਾ ਕਰਦਾ ਰਹਿਨੈ

ਕਰੇ ਜਿਹੜਾ ਲੋਕਾਂ ਚਿ ਬਦਨਾਮ ਮੈਨੂੰ
ਮੈਂ ਰਿੰਦਾਂ ਚਿ ਉਸ ਨੂੰ ਖੁਦਾ ਕਰਦਾ ਰਹਿਨੈ

ਉਹ ਛੁਰੀਆਂ ਚਲਾਉਂਦੇ ਸ਼ਰੀਕਾਂ ਦੇ ਰਾਹੀਂ
ਉਹਦੇ ਲਈ ਮੈਂ ਪੈਦਾ ਫਿਜ਼ਾ ਕਰਦਾ ਰਹਿਨੈਂ

ਉਹ ਆਦਤ ਤੋਂ ਆਪਣੀ ਹੈ ਮਜਬੂਰ ਰਹਿੰਦਾ
ਮੈਂ ਉਸਦੀ ਜੱਫਾ ਨੂੰ ਵਫਾ ਕਰਦਾ ਰਹਿਨੈ।

ਪਤਾ ਨਹੀਂ ਮੇਰੇ ਲਈ ਉਹ ਕੀ ਕੁਝ ਹੈ ਕਰਦਾ
ਚਮਨ ! ਉਸ ਲਈ ਮੈਂ ਦੁਆ ਕਰਦਾ ਰਹਿਨੈ।

+ + +

ਸਤਾਰਾਂ/ਕੰਵਰ ਚੌਹਾਨ

ਕਿਹੋ ਜਿਹੇ ਉਹ ਸ਼ਹਿਰ ਨੇ ਜਿੱਥੇ, ਲਿਸ਼ਕੀ ਤੇ ਮੁਸਕਾਈ ਸ਼ਾਮ ।
ਸਾਡੇ ਘਰ ਤਾਂ ਰੋਜ ਹੀ ਟੁਕੜੇ ਟੁਕੜੇ ਹੋ ਕੇ ਆਈ ਸ਼ਾਮ ।

ਦਿਲ ਦੇ ਸੱਖਣੇ ਵਿਹੜੇ ਵਿਚ ਤਦ, ਰਾਤ ਨੇ ਬੋਝਲ ਪੈਰ ਧਰੇ,
ਢੂੰਘੇ ਸਾਗਰ ਅੰਦਰ ਡੁੱਬ ਕੇ, ਮਰ ਗਈ ਜਦ ਤ੍ਰਿਹਾਈ ਸ਼ਾਮ ।

ਮੇਰੇ ਨਾਲੋਂ ਵੱਧ ਸੀ ਇਸਨੂੰ, ਤੇਰਿਆਂ ਸ਼ਬਦਾਂ ਤੇ ਵਿਸ਼ਵਾਸ,
ਦਿਲ ਦੀ ਬੁਝਦੀ ਚਿਤਾ ਤੇ, ਤਾਰਾ ਤਾਰਾ ਕਰਕੇ ਆਈ ਸ਼ਾਮ ।

ਦੂਰ ਦੁਮੇਲ 'ਤੇ ਨਜ਼ਰਾਂ ਸਾਹਵੇਂ ਸੱਜਰੇ ਲਹੂ ਦਾ ਪਹਿਰਾ ਹੈ,
ਦਿਨ ਦਾ ਰੋਸ਼ਨ ਸ਼ੀਸ਼ਾ ਤੋੜ ਕੇ ਬੈਠੀ ਹੈ ਪਥਰਾਈ ਸ਼ਾਮ ।

ਮੇਰੀ ਸੋਚ ਦੇ ਪੱਲੇ ਵਿਚ ਹੁਣ, ਸੁਪਨਿਆਂ ਵਰਗੀਆਂ ਗੱਲਾਂ ਨੇ,
ਜਾਮ ਦਾ ਨਿੱਘਾ ਰੇਸ਼ਮੀਂ ਚਾਨਣ, ਜ਼ੁਲਫਾਂ ਦੀ ਮਹਿਕਾਈ ਸ਼ਾਮ ।

ਹਰ ਵਾਰੀ ਇਕ ਨਵਾਂ ਮਖੌਟਾ ਪਹਿਨ ਕੇ ਅਪਣੇ ਚਿਹਰੇ 'ਤੇ,
ਸੁੰਨੀਆਂ ਭੀੜਾਂ ਦੇ ਵਿਚ ਫਿਰ ਕੇ, ਸਾਰੀ ਉਮਰ ਲੰਘਾਈ ਸ਼ਾਮ ।

× × ×

ਅਠਾਰਾਂ/ਦੀਦਾਰ ਸਿੰਘ ਦੀਦਾਰ

ਤੇਰੇ ਦਰ ਦੇ ਸਵਾਲੀ ਹਾਂ ਕਰਮ ਤੂੰ ਕਰ ਨਾ ਕੋਈ।
ਤੇਰੇ ਦੀਦਾਰ ਦੀ ਖਾਤਰ ਹੈ ਭਾਉਂਦਾ ਦਰ ਬੇ-ਦਰ ਕੋਈ।

ਤੇਰੀ ਹੀ ਭਾਲ ਵਿਚ ਨਿਕਲੇ ਸੀ, ਹੋਣੀ ਨਾਲ ਜੂਝਣ ਨੂੰ,
ਨ ਤੇਰਾ ਹੈ ਪਤਾ ਕੋਈ ਨ ਆਪਣੀ ਹੀ ਖਬਰ ਕੋਈ।

ਵਫਾ ਦੇ ਅਰਥ ਲਈ ਜਦ ਭਟਕ ਜਾਵਣ ਮੇਰੀਆਂ ਅੱਖੀਆਂ,
ਨਜ਼ਰ ਵਿਚ ਆ ਸਮਾਉਂਦੀ ਹੈ ਤੇਰੇ ਵਰਗੀ ਨਜ਼ਰ ਕੋਈ।

ਪਤਾ ਨਹੀਂ ਅੱਥਰੇ ਹੰਝੂ ਕਿਹਨੂੰ ਟੋਲਣ ਲਈ ਤੁਰ ਪੈਂਦੇ
ਜਦੋਂ ਵੀ ਯਾਦ ਆ ਜਾਂਦਾ ਏ ਮੇਰਾ ਹਮਸਫਰ ਕੋਈ ।

ਮੇਰੀ ਹਾਲਤ ਤੇ ਰੋਂਦੇ ਨੇ ਇਹ ਚੰਨ ਤਾਰੇ ਤਾਂ ਕੀ ਹੋਇਆ,
ਇਨ੍ਹਾਂ ਆਹਾਂ ਦਾ ਪਰ ਹੁੰਦਾ ਨਹੀਂ ਉਸ ਤੇ ਅਸਰ ਕੋਈ।

ਜਿਸ ਦੇ ਇਸ਼ਕ ਵਿਚ ਜ਼ਖਮਾਂ ਨੂੰ ਲਾ ਕੇ ਨਾਲ ਸੀਨੇ ਦੇ,
ਕਿਸੇ ਨੂੰ ਕੀ ਖਬਰ ਕਿਉਂ ਤੜਪਿਆ ਹੈ ਉਮਰ ਭਰ ਕੋਈ।

ਫਨਾਹ ਹੱਥੀਂ ਹੀ ਕਰ ਚੁੱਕੇ ਹਾਂ ਸਭ ਕੁਝ ਅਪਨਾ 'ਦੀਦਾਰ'
ਰਿਹਾ ਨਾ ਹੁਣ ਅਸਾਂ ਨੂੰ, ਬਿਜਲੀਆਂ ਝੱਖੜਾਂ ਦਾ ਡਰ ਕੋਈ।

× × ×

ਉਨੀ/ਮਹਿੰਦਰ ਗਿਲ

ਦਿਲ ਨੂੰ ਲਗਦੇ ਸੀ ਜੋ ਕਰੀਬ ਬੜੇ।
ਦਿਲ ਦੇ ਨਿਕਲੇ ਉਹੀ ਅਜੀਬ ਬੜੇ।

ਇਸ ਲਈ ਮੈਨੂੰ ਹੈ ਇਹ ਸ਼ਹਿਰ ਪਿਆਰਾ,
ਮੇਰੇ ਇਸ ਸ਼ਹਿਰ 'ਚ ਨੇ ਰਕੀਬ ਬੜੇ।

ਜ਼ਿੰਦਗੀ ਦੱਸ ਕਿਵੇਂ ਖਰੀਦਾਂ ਮੈਂ
ਖੋਟੇ ਯਾਰਾਂ ਦੇ ਹਨ ਨਸੀਬ ਬੜੇ।

ਦਿਲ ਦੀ ਦੌਲਤ ਹੈ ਸ਼ਾਇਰਾਂ ਪੱਲੇ
ਪੈਸੇ ਵਲੋਂ ਨੇ ਪਰ ਗਰੀਬ ਬੜੇ।

ਤੇਰੇ ਵਰਗਾ ਨਈਂ ਬੇਵਫਾ ਕੋਈ
ਹੋਏ ਦੁਨੀਆਂ 'ਚ ਹਬੀਬ ਬੜੇ।

ਡਰ ਹੈ, ਹੋਵੇ ਨਾ ਕੋਈ ਗੁਸਤਾਖੀ
ਬੈਠੇ ਮਹਿਫਲ 'ਚ ਨੇ ਅਦੀਬ ਬੜੇ।

ਜਿਉਂਦੇ "ਮਿੰਦਰ" ਨੂੰ ਨਾ ਦਵਾ ਦਿਤੀ
ਮੌਤ ਬਾਦ ਆ ਗਏ ਤਬੀਬ ਬੜੇ।

+ + +

ਵੀਹ/ਪਰੇਮ ਅਬੋਹਰਵੀ

ਸੌ ਤਸੀਹੇ ਜਾਨ ਪਈ ਸਹਿੰਦੀ ਏ ਯਾਰ
ਆਸ ਬਣਦੀ ਏ ਕਦੇ ਢਹਿੰਦੀ ਏ ਯਾਰ

ਹੈ ਪਤਾ ਤੂੰ ਹੁਣ ਕਦੇ ਮਿਲਣਾ ਨਹੀਂ
ਫਿਰ ਵੀ ਦਿਲਨੂੰ ਤਾਂਘ ਕਿਉਂ ਰਹਿੰਦੀਏ ਯਾਰ

ਯਾਰ ਤੇਰੀ ਇਕ ਨਦੀ ਦੇ ਵਾਂਗਰਾਂ
ਜੋ ਕਦੇ ਚੜ੍ਹਦੀ ਕਦੇ ਲਹਿੰਦੀ ਏ ਯਾਰ

ਪੀੜ ਤੇਰੀ ਖੂਨ ਦੇ ਵਿਚ ਰੱਲ ਗਈ
ਮੇਰੀ ਇਕ ਇਕ ਨਾੜ ਵਿਚ ਵਹਿੰਦੀ ਏ ਯਾਰ

ਇਸ਼ਕ ਵੀ ਹੈ ਇਕ ਖੁਮਾਰੀ ਦੋਸਤਾ
ਜ਼ਿੰਦਗੀ ਭਰ ਜੋ ਨਹੀਂ ਲਹਿੰਦੀ ਏ ਯਾਰ

ਜ਼ਿੰਦਗੀ ਵਿਚ ਉਠ ਕੇ ਛੂ ਅਸਮਾਨ ਨੂੰ
ਹਰ ਲਹਿਰ ਆ ਆਕੇ ਇਹ ਕਹਿੰਦੀ ਏ ਯਾਰ

ਕਿਸ ਤਰਾਂ ਦਾ ਰੋਗ ਹੈ ਇਹ ਦਿਲ ਦੇ ਵਿਚ
ਇਕ ਖਲਿਸ਼ ਜਈ ਹਰ ਸਮੇਂ ਰਹਿੰਦੀ ਏ ਯਾਰ

+ + +

ਇੱਕੀ/ਸਦਨ ਲਾਲ ਦਿਲਕਸ਼

ਕਿਸ ਦੇ ਇਸ਼ਕ ਵਿਚ ਇਸ ਉਮਰ ਨੂੰ ਬਰਬਾਦ ਕੀ ਕਰੀਏ
ਜੋ ਸਾਨੂੰ ਭੁੱਲ ਬੈਠੇ ਓਸ ਨੂੰ ਹੁਣ ਯਾਦ ਕੀ ਕਰੀਏ।

ਹਵਾ ਉਹਦੀ ਮਲਾਹ ਵੈਰੀ ਤੇ ਇਹ ਤੂਫਾਨ ਭੀ ਡਾਢੇ
ਖ਼ੁਦਾ ਹਾਫ਼ਿਜ਼ ਹੈ ਕਿਸ਼ਤੀ ਦਾ ਅਸੀਂ ਇਮਦਾਦ ਕੀ ਕਰੀਏ ?

ਨਜ਼ਰ ਭੀ ਉਠ ਨਹੀਂ ਸਕਦੀ ਜ਼ੁਬਾਂ ਹਰਕਤ ਨਹੀਂ ਕਰਦੀ
ਭਲਾ ਦਸੋ ਕੋਈ ਸਾਨੂੰ ਅਸੀਂ ਫਰਿਯਾਦ ਕੀ ਕਰੀਏ ?

ਸਮਝ ਬੈਠਾ ਪਰਿੰਦਾ ਜੋ ਕਫ਼ਸ ਨੂੰ ਆਸ਼ਿਆਂ ਆਪਣਾ
ਭਲਾ ਐਸੇ ਪਰਿੰਦੇ ਨੂੰ ਅਸੀਂ ਆਜ਼ਾਦ ਕੀ ਕਰੀਏ ?

ਵਛੋੜੇ ਨਾਲ ਮਰ ਜਾਈਏ ਕਰੇ ਇਰਸ਼ਾਦ ਜੇ ਸਾਨੂੰ
ਓ ਭੋਲੇ ! ਤੇਰੀ ਮਰਜ਼ੀ ਏ ਅਸੀਂ ਇਰਸ਼ਾਕ ਕੀ ਕਰੀਏ

ਤਿਰੇ ਤੇ ਵਾਰ ਕਰਦੇ ਨੇ ਤਿਰੇ ਸਾਥੀ ਭੀ ਐ ਦਿਲਕਸ਼
ਤਿਰੇ ਕੋਲੋਂ ਹੀ ਫਿਰ ਪੁੱਛਣ ਅਸੀਂ ਉਸਤਾਦ ! ਕੀ ਕਰੀਏ।

+ + +

ਬਾਈ/ਮੰਗਲ ਸੈਨ ਸ਼ਾਹੀ

ਉਹ ਜਫਾ ਕਰਦਾ ਰਿਹਾ ਤੇ ਮੈਂ ਵਫਾ ਕਰਦਾ ਕਿਹਾ
ਫੇਰ ਭੀ ਸੰਸਾਰ ਮੇਰੇ ਤੇ ਗਿਲਾ ਕਰਦਾ ਰਿਹਾ

ਨਾਸਿਰ ਮੈਨੂੰ ਅੱਜ ਮਿਰੀ ਹਰ ਇਕ ਖ਼ਤਾ ਤੇ ਨਾਜ਼ ਹੈ
ਉਹਦੀ ਰਹਿਮਤ ਦੇ ਸਹਾਰੇ ਮੈਂ ਖ਼ਤਾ ਕਰਦਾ ਰਿਹਾ

ਕਸ਼ਤੀ ਮੇਰੀ ਕਿਹੜੀ ਸੂਰਤ ਤੇ ਕਿਨਾਰੇ ਪਹੁੰਚਦੀ
ਜੋ ਤੂਫ਼ਾਨਾਂ ਤੋਂ ਨਾ ਹੋਇਆ ਨਾਖ਼ੁਦਾ ਕਰਦਾ ਰਿਹਾ

ਮੁਸਕ੍ਰਾਇਆ ਹਾਂ ਮੈਂ ਪੀ ਕੇ ਤਲਖੀਆਂ ਦੇ ਘੁੱਟ ਭੀ
ਹਰ ਤਰਾਂ ਮੈਂ ਜਿੰਦਗੀ ਦਾ ਹੱਕ ਅਦਾ ਕਰਦਾ ਰਿਹਾ

ਫੇਰ ਭੀ ਕੰਮਬਖਤ ਇਹ ਇਕ ਦਿਨ ਨਾ ਬਣ ਸਕਿਆ ਮਿਰਾ
ਉਮਰ ਭਰ ਸ਼ਾਹੀ ਮੈਂ ਇਸ ਦਿਲਦਾ ਕਿਹਾ ਕਰਦਾ ਰਿਹਾ

× × ×

ਤੇਈ/ਗੁਰਦੇਵ ਸਿੰਘ

ਖ਼ਿਆਲ ਕਿਸੇ ਦਾ ਮੁੜ ਮੁੜ ਦਿਲ ਦੀਆਂ ਸੱਧਰਾਂ ਫੇਰ ਜਗਾਏ।
ਰਾਤ ਫੇਰ ਇਕਰਾਰਾਂ ਵਾਲੀ ਮੈਨੂੰ ਚੇਤੇ ਆਏ।

ਖ਼ੂਨ ਕਿਸੇ ਵਿਚ ਜਾਪੇ ਮੈਨੂੰ ਆਉਂਦੀ ਫੇਰ ਸੁਫ਼ੇਦੀ,
ਪਤਾ ਨਹੀਂ ਕਿਸ ਦਰਦ ਸਹਾਰੇ ਏਨੇ ਰੰਗ ਬਟਾਏ।

ਉਸ਼ਾ ਕੋਈ ਰੰਗ ਰੰਗੀਲੀ ਲੈ ਗਈ ਨਾਲ ਦੁਪਹਿਰਾ,
ਛੱਡ ਗਈ ਖੰਡਰਾਂ ਦੇ ਉਤੇ ਹਲਕੇ ਹਲਕੇ ਸਾਏ।

ਡੂੰਘੀ ਸ਼ਾਮ ਕੋਈ ਅਲਬੇਲੀ ਰਹਿ ਗਈ ਹੌਕੇ ਭਰਦੀ,
ਲੱਖਾਂ ਮਜ਼ਨੂੰ ਜੰਗਲ ਟੁਰ ਗਏ ਨੈਣਾਂ ਦੇ ਸਧਰਾਏ।

ਫੇਰ ਹਕੀਕਤ ਦੇ ਵਿਚ ਲੋੜਾਂ ਕੁਦਰਤੀ ਅੰਗੜਾਈ,
ਫੇਰ ਮਿਰੇ ਖ਼ਿਆਲਾਂ ਦਾ ਮੁੜ ਕੇ ਅੰਗ ਅੰਗ ਨਸ਼ਿਆਏ।

ਫੇਰ ਕਿਸੇ ਬਦਲੀ ਦੇ ਓਹਲੇ ਚੰਨ ਨੇ ਗੋਤਾ ਖਾਧਾ,
ਫੇਰ ਨਦੀ ਦੇ ਕੰਢਿਆਂ ਉਤੇ ਰਹਿ ਗਏ ਹੋਰ ਤ੍ਰਿਹਾਏ।

ਲੱਖਾਂ ਵਾਰ ਜਵਾਨੀ ਜ਼ਾਵੇ ਪ੍ਰੀਤ ਮੇਰੀ ਦੇ ਬਦਲੇ,
ਲੱਖਾਂ ਜੋਬਨ ਪ੍ਰੀਤ ਬਿਨਾਂ ਹਨ ਸੁੱਕ ਗਏ ਕੁਮਲਾਏ।

ਮਿਠੀਆਂ ਮਿਠੀਆਂ ਗੱਲਾਂ ਦਾ 'ਗੁਰਦੇਵ' ਪਿਆਰ ਭੁੱਖਾ,
ਏਹੋ ਲੋੜਾਂ ਜੇਕਰ ਬੰਦਾ ਬੰਦੇ ਦਾ ਬਣ ਜਾਏ।

× × ×

ਅਠਾਈ/ਗੁਰਦਿਆਲ ਗਰੇਵਾਲ

ਤੜਕੇ ਮੰਦਰ ਜਾਣਾ ਪੈਂਦੈ
ਰੁਸਿਆ ਯਾਰ ਮਨਾਣਾ ਪੈਂਦੈ

ਹਰ ਦਿਨ ਉਸ ਹਰਜਾਈ ਅਗੇ
ਸੌ ਸੌ ਤਰਲਾ ਪਾਣਾ ਪੈਂਦੈ

ਦਿਲ ਕਰਦਾ ਹੈ ਬਹਿ ਕੇ ਰੋਵਾਂ
ਪਰ ਮੈਨੂੰ ਮੁਸਕਾਣਾ ਪੈਂਦੈ

ਅਕਸਰ ਉਸ ਜਾਲਿਮ ਦੇ ਘਰ ਵਿਚ
ਬਿਨ ਸੱਦੇ ਹੀ ਜਾਣਾ ਪੈਂਦੈ

ਉਸ ਬਿਨ ਜੀਣਾ ਔਖੈ, ਐਪਰ !
ਔਖਾ ਵਕਤ ਲੰਘਾਣਾ ਪੈਂਦੈ

ਹਿਜਰ ਤਿਰੇ ਵਿਚੋਂ ਹੌਕੇ ਭਰ ਭਰ
ਦਿਲ ਦਾ ਦਰਦ ਘਟਾਣਾ ਪੈਂਦੈ

ਸਜਣਾ ਦਾ ਗੁਨ ਭੁਲ ਨਈਂ ਸਕਦਾ
ਪਰ ਦਿਲ ਨੂੰ ਸਮਝਾਣਾ ਪੈਂਦੈ

ਯਾਰਾਂ ਨਾਲ ਵਫਾ ਦੇ ਵਾਅਦੇ ?
ਝੂਠ ਦਾ ਸਚ ਬਨਾਣਾ ਪੈਂਦੈ

ਚੰਨਾ ! ਤੂੰ ਦਿਲ ਨਾ ਦੇ ਬੈਠੀਂ
ਦਿਲ ਦੇ ਕੇ ਪਛਤਾਣਾ ਪੈਂਦੈ ।

ਕਾਲਾ ਧੰਨ ਜਦ ਘਰ ਨਹੀਂ ਖਪਦਾ
ਧਰਮ ਦੇ ਲੇਖੇ ਲਾਣਾ ਪੈਂਦੈ

+ + +

ਉੱਨਤੀ/ਆਦਰਸ਼ ਕੁਮਾਰ ਦਰਸ਼ੀ

ਖ਼ੁਸ਼ਕ ਅੱਖਾਂ ਹੋਂਟ ਵੀ ਹਿਲਦੇ ਨਹੀਂ
ਜ਼ਬਰ ਤੂੰ ਦੇਖੇ ਮੇਰੇ ਦਿਲ ਦੇ ਨਹੀਂ।

ਆਸ ਉਨ੍ਹਾਂ ਦੇ ਮਿਲਨ ਦੀ ਕਰ ਰਿਹਾਂ
ਜੋ ਤਸੱਵਰ ਵਿੱਚ ਵੀ ਮਿਲਦੇ ਨਹੀਂ।

ਦੋ ਕਦਮ ਦਾ ਸਾਥ ਕੋਈ ਚਾਰ ਦਾ
ਕੋਈ ਸਾਥੀ ਤੋੜ ਮੰਜ਼ਲ ਦੇ ਨਹੀਂ।

ਸਾਫ਼ ਦਿਲ ਦੇ ਆਦਮੀ ਇਸ ਦੌਰ ਵਿਚ
ਢੂੰਡਣੇ ਪੁਰ ਵੀ ਕਿਤੇ ਮਿਲਦੇ ਨਹੀਂ।

ਪਾ ਹੀ ਲੈਂਦੇ ਨੇ ਤੇਰੀ ਰਹਿਮਤ ਦੀ ਖ਼ੈਰ
ਜੋ ਤੇਰੀ ਦੇਹਲੀਜ਼ ਤੋਂ ਹਿਲਦੇ ਨਹੀਂ।

ਯਾਦ ਵੀ ਆਉਂਦੀ ਨਹੀਂ ਹੁਣ ਉਨ੍ਹਾਂ ਦੀ
ਹੁਣ ਤਸਵੱਰ 'ਚ ਵੀ ਉਹ ਮਿਲਦੇ ਨਹੀਂ।

ਇਮਤਿਆਜ਼ੀ ਵੰਡ ਨਾਂ ਕਰ ਸਾਕੀਆ
ਇਹ ਕੋਈ ਦਸਤੂਰ ਮਹਿਫ਼ਲ ਦੇ ਨਹੀਂ।

ਭਾਲ ਹੈ 'ਦਰਸ਼ੀ' ਅਸਾਨੂੰ ਉਨ੍ਹਾਂ ਦੀ
ਜੋ ਅਸਾਨੂੰ ਮਿਲ ਕੇ ਵੀ ਮਿਲਦੇ ਨਹੀਂ।

+ + +

ਤੀਹ/ਮਖਣ ਸਿੰਘ ਕੁਹਾੜ

ਅੱਧੀ ਰਾਤ ਦਾ ਮੱਧਮ ਚਾਨਣ ਜਿੰਦਗੀ ਹੈ, ਘਮਮੈਲੀ ਚਾਦਰ
ਖ਼ੁਸ਼ੀ ਦੀਆਂ ਪਹੁੰਚਾਂ ਹਨ ਸੀਮਤ ਪਰ ਹੋ ਰਹੇ ਨੇ ਦਰਦ ਉਜਾਗਰ

ਬੇ ਅਣਖਾਂ ਦੇ ਜ਼ੁਲਮਾਂ ਅੱਗੇ ਢਹਿ ਜਾਂਦਾ ਹੈ ਪਿਆਰ ਫਲਸਫਾ
ਨਫਰਤ ਦਾ ਇਕ ਠੇਡਾ ਖਾ ਕੇ ਡੁੱਲ ਜਾਵੇ ਪਿਆਰਾਂ ਦੀ ਗਾਗਰ

ਨਜ਼ਰ ਵੇਖ ਕੇ ਫਿਰੀ ਓਸ ਦੀ ਹਟਿਆ ਹਾਂ ਮੈਂ ਉਸ ਦੇ ਰਾਹ ਚੋਂ
ਮੇਰੇ ਵਰਗੇ ਬੁਜ਼ਦਿਲ ਥੋੜੇ ਉਹਦੇ ਵਰਗੇ ਬੜੇ ਬਹਾਦਰ

ਜੇਠ ਹਾੜ ਦੀ ਧੁੱਪ ਦੇ ਵਾਂਗੂੰ ਤਾਂਘਾਂ ਦੇ ਵਿਚ ਤਪ ਚਲਿਆ ਮੈਂ
ਮੇਰਾ ਹਰ ਅਥਰੂ ਹੈ ਮੋਤੀ ਸਾਉਣ ਦੀ ਪਹਿਲੀ ਛਿੱਟ ਬਰਾਬਰ

ਅਪਣੀ ਹਸਤੀ ਮੇਟ ਮੇਟ ਕੇ ਮੇਰਾ ਆਪਾ ਮਿਟ ਨਹੀਂ ਸਕਿਆ
ਕੰਣ ਕੰਣ ਦੇ ਵਿਚ ਮੈਂ ਹੈ ਜੇਕਰ ਫਿਰ ਮਿਟਣਾ ਹੈ ਗਲਤ ਸਰਾ ਸਰ

ਮੇਰੇ ਜਾਨੀ ਦੁਸ਼ਮਨ ਦੇ ਸੰਗ ਹੱਸ ਹੱਸ ਕੇ ਹਨ ਹੱਥ ਮਿਲਾਉਂਦੇ
ਮਹਿਫਿਲ ਦੇ ਵਿਚ ਸੱਦ ਕੇ ਮੇਰਾ ਅਕਸਰ ਕਰਦੇ ਯਾਰ ਨਿਰਾਦਰ

ਖਾਬਾਂ ਦੀ ਡਾਚੀ ਤੇ ਚੜ੍ਹ ਕੇ ਗੁੰਮ ਗਏ ਤਾਅ ਬੀਰ ਦੇ ਪੁੰਨੂੰ
ਮਜਬੂਰੀ ਦੇ ਮਾਰੂਥਲ ਵਿਚ ਕਿੱਥੋਂ ਸੱਭੇ ਖ਼ੁਰਾ ਬਰਾਦਰ

+ + +

ਇਕੱਤੀ/ਸੁਰੇਂਦਰ ਸਾਂਗੀ

ਹੁਸਨ ਤੋਂ ਜਿਨਾਂ ਦੂਰ ਹੈ ਇਸ਼ਕ
ਉਨਾਂ ਹੀ ਮਜਬੂਰ ਹੈ ਇਸ਼ਕ

ਨਾ ਲਾਉ ਇਸ ਤੇ ਇਲਜ਼ਾਮ
ਹੇਰ ਫੇਰ ਤੋਂ ਦੂਰ ਹੈ ਇਸ਼ਕ

ਇਸ਼ਕ ਚਿ ਹੋਸ਼ ਨਾ ਰਹਿੰਦੀ ਮੂਲ
ਮਿੱਠਾ ਜਿਹਾ ਸਰੂਰ ਏ ਇਸ਼ਕ

ਜਿੰਦਗੀ ਨੂੰ ਰੁਸ਼ਨਾ ਦਿੰਦੇ
ਸਜਣਾ ਐਸਾ ਨੂਰ ਹੈ ਇਸ਼ਕ

ਐ ਦਿਲ ਗੁਮਨਾਮਾਂ ਨੂੰ ਭੀ
ਕਰ ਦਿੰਦਾ ਮਸ਼ਹੂਰ ਏ ਇਸ਼ਕ

ਹਰ ਆਸ਼ਕ ਜੇ ਮੂਸਾ ਹੈ
ਸਾਂਗੀ ਕੋਹਿ-ਨੂਰ ਹੈ ਇਸ਼ਕ

+ + +

ਚੱਵੀ/ਖ਼ੁਸ਼ਦਿਲ ਸਮਰਾਲਵੀ

ਆਈ ਏ ਗਰੀਬੀ ਜਿਸ ਦਿਨ ਦੀ ਸਜਣਾ ਨੇ ਬੁਲਾਉਣਾ ਛੱਡ ਦਿੱਤੈ
ਅੱਗੇ ਤਾਂ ਕਦੀ ਆ ਜਾਂਦੇ ਸਨ ਹੁਣ ਉੱਕਾ ਈ ਆਉਣਾ ਛੱਡ ਦਿੱਤੈ

ਇਕ ਦਿਨ ਮੈਂ ਪੁਛਿਆ ਕੀ ਗੱਲ ਏ ? ਸੱਜਣੋਂ ਹੁਣ ਫੇਰਾ ਪਾਉਂਦੇ ਨਈਂ
ਉਹ ਮੂੰਹ ਜਿਹਾ ਵੱਟ ਕੇ ਕਹਿਣ ਲੱਗੇ ਅਸੀਂ ਇਸ਼ਕ ਕਮਾਉਣਾ ਛੱਡ ਦਿੱਤੈ

ਬੇੜੀ ਨੂੰ ਇਹ ਕਹਿਕੇ ਰੋੜ੍ਹ ਗਿਆ ਮੱਲਾਹ ਚੜ੍ਹੇ ਦਰਿਆ ਦੇ ਵਿਚ
ਜਾ ਡੁੱਬ ਜਾ ਭਾਵੇਂ ਤਰਦੀ ਰਹੁ ਅਸੀਂ ਪਾਰ ਲੰਘਾਉਣਾ ਛੱਡ ਦਿੱਤੈ

ਕਦੀ ਕੰਢੇ ਬਹਿ ਕੇ ਦਰਿਆ ਦੇ ਚਾਨਣੀਆਂ ਰਾਤਾਂ ਲੰਘੀਆਂ ਸਨ
ਹੁਣ ਮਿਲਣਾ ਗਿਲਣਾ ਇਕ ਪਾਸੇ ਉਸ ਮੁਖੜਾ ਵਿਖਾਉਣਾ ਛੱਡ ਦਿੱਤੈ

ਇਸ ਯੁਗ ਵਿਚ ਕਿਹੜੈ ਐ ਖ਼ੁਸ਼ਦਿਲ ! ਜੋ ਅਪਣੇ ਦਿਲ ਤੇ ਹੱਥ ਰੱਖ ਕੇ
ਇਹ ਗੱਲ ਪਰਾਹ ਵਿਚ ਕਹਿ ਸੱਕੇ ਮੈਂ ਨੈਣ ਮਲਾਉਣਾ ਛੱਡ ਦਿੱਤੈ

× × ×

ਪੰਝੀ/ਦੇਵਿੰਦਰ ਜੋਸ਼

ਮੈਂ ਜਦ ਗਲ ਨੂੰ ਲਾਏ ਪੱਥਰ
ਬਣ ਗਏ ਮਹਿਕ ਦੇ ਸਾਏ ਪਥਰ

ਜਦ ਵੀ ਗੀਤ ਸੁਣਾਏ ਪਥਰ
ਸਭ ਨੂੰ ਮੋਮ ਬਣਾਏ ਪਥਰ

ਕੁਰਖੇਤਰ ਦੇ ਮੇਲੇ ਅੰਦਰ
ਦੂਰੋਂ ਦੂਰੋਂ ਆਏ ਪਥਰ

ਜਿਹਨਾਂ ਨੂੰ ਸਮਝੇ ਸਾਂ ਮੋਤੀ
ਉਹ ਵੀ ਨਿਕਲੇ ਹਾਏ ! ਪਥਰ

ਸ਼ੀਸ਼ੇ ਵਰਗੀ ਹੋਂਦ ਮੇਰੀ ਸੀ
ਉਸਨੇ ਜਦੋਂ ਵਰਾਏ ਪਥਰ

ਤੇਰੇ ਸ਼ਹਿਰ ਚੋਂ ਗੁਜ਼ਰਨ ਵੇਲੇ
ਦਿਲ ਉਤੇ ਰਖਿਆ ਏ ਪਥਰ

× × ×

ਛੱਬੀ/ਹਰਬੰਸ ਲਾਲ ਸ਼ਰਮਾ

ਤਬਾ ਬੇਜ਼ਾਰ ਹੁੰਦੀ ਜਾ ਰਹੀ ਏ ।
ਨਿਗਾਹ ਦੋ ਚਾਰ ਹੁੰਦੀ ਜਾ ਰਹੀ ਏ

ਨਜ਼ਰ ਕਾਤਲ ਦੀ ਬਰਛੀ ਏ ਕਿ ਖੰਜਰ,
ਜਿਗਰ ਦੇ ਪਾਰ ਹੁੰਦੀ ਜਾ ਰਹੀ ਏ ।

ਬਹਾਰ ਔਂਦੀ ਦੇ ਕੁਝ ਆਸਾਰ ਜਾਪਣ,
ਕਲੀ ਗੁਲਜ਼ਾਰ ਹੁੰਦੀ ਜਾ ਰਹੀ ਏ ।

ਤੇਰੀ ਪਲਕਾਂ ਦੇ ਵਿਚ ਸੁਰਮੇ ਦੀ ਧਾਰੀ,
ਨਿਰੀ ਤਲਵਾਰ ਹੁੰਦੀ ਜਾ ਰਹੀ ਏ ।

ਜੁਦਾਈ ਦੀ ਲੰਮੇਰੀ ਰਾਤ ਯਾ ਰਬ,
ਬੜੀ ਦੁਸ਼ਵਾਰ ਹੁੰਦੀ ਜਾ ਰਹੀ ਏ ।

ਹਕੀਮੋ ਨਬਜ਼ ਮੇਰੀ ਨੂੰ ਨ ਛੇੜੋ,
ਮਰਜ਼ ਲਾਚਾਰ ਹੁੰਦੀ ਜਾ ਰਹੀ ਏ ।

ਮੁਸੀਬਤ ਅਜ਼ਲ ਤੋਂ ਹੈ ਨਾਲ ਮੇਰੇ,
ਪਰ ਹੁਣ ਬੇ-ਜ਼ਾਰ ਹੁੰਦੀ ਜਾ ਰਹੀ ਏ ।

ਪੈਮਾਨਾ ਵੇਖ ਕੇ ਝੂੰਮੀ ਸੁਰਾਹੀ,
ਕਿ ਰੁਤ ਮੈਖ਼ਾਰ ਹੁੰਦੀ ਜਾ ਰਹੀ ਏ ।

ਇਹ ਜ਼ਿੰਦਜੀ ਚਾਰ ਦਿਨ ਦੀ ਹੈ ਪਰੌਹਣੀ,
ਮਗਰ ਇਹ ਭਾਰ ਹੁੰਦੀ ਜਾ ਰਹੀ ਏ ।

ਮੁਸੀਬਤ ਵੇਖ ਕੇ ਆਈ ਚਮਨ ਤੇ
ਕਲਮ ਤਲਵਾਰ ਹੁੰਦੀ ਜਾ ਰਹੀ ਏ ।

+ + +

ਸਤਾਈ/ਸਰਬਜੀਤ ਸੰਧੂ

ਹੁਣ ਤਾਂ ਤਰਲੇ ਕਰ ਕਰ ਹਾਰੇ ਯਾਰਾਂ ਦੇ ।
ਮੁਕਦੇ ਨਜ਼ਰ ਨ ਆਉਂਦੇ ਲਾਰੇ ਯਾਰਾਂ ਦੇ ।
ਗੈਰਾਂ ਦੇ ਗਲ ਬਾਹਾਂ ਪਾ ਕੇ ਪੁਛਦੇ ਨੇ,
"ਅਜ ਕਲ੍ਹ ਕੀਕੂੰ ਹੋਣ ਗੁਜ਼ਾਰੇ ਯਾਰਾਂ ਦੇ ?"
ਮੇਰੇ ਘਰ ਵਿਚ ਜਦ ਵੀ ਮਾਤਮ ਹੁੰਦਾ ਏ,
ਮਹਿਫ਼ਿਲ ਜੁੜਦੀ ਆਣ ਚੁਬਾਰੇ ਯਾਰਾਂ ਦੇ ।
ਕੀਕੂੰ ਕਰ ਲਈਏ ਵਿਸ਼ਵਾਸ਼ ਬਿਗਾਨੇ ਤੇ,
ਆਪਾਂ ਤਾਂ ਪਹਿਲਾਂ ਹੀ ਮਾਰੇ ਯਾਰਾਂ ਦੇ !
ਦਿਲ ਨੂੰ ਕਿੰਜ ਬਚਾਵਾਂ ਜ਼ਖਮੀ ਹੋਵਣ ਤੋਂ,
ਬਣ ਗਏ ਨੈਣ ਛੁਰੇ ਦੋਧਾਰੇ ਯਾਰਾਂ ਦੇ ।
ਲੋਕਾਂ ਦੀ ਹਰ ਤੁਹਮਤ ਹੈ ਸਿਰ ਮੱਥੇ ਤੇ
ਮਿਲਦੇ ਰਹਿਣ ਜੇ ਮੇਲ-ਨਜ਼ਾਰੇ ਯਾਰਾਂ ਦੇ ।
ਫੇਰ ਮਿਲਣ ਦੇ ਵਾਅਦੇ ਕਰਕੇ ਮੁੜ ਜਾਵਣ,
ਸਾਡੇ ਲਈ ਇਹ ਜੀਵ-ਸਹਾਰੇ ਯਾਰਾਂ ਦੇ ।
ਗੈਰਾਂ ਦੇ ਤਾਂ ਤਖਤਾਂ 'ਤੇ ਵੀ ਚੈਨ ਨਹੀਂ,
ਚੈਨ ਸਦਾ ਮਿਲਦਾ ਦਰਬਾਰੇ ਯਾਰਾਂ ਦੇ ।
ਖੇੜਿਆਂ ਦੇ ਮਹਿਲੀਂ ਵੀ ਯਾਦ ਔਂਦੇ ਨੇ ।
ਮੱਕੇ ਵਰਗੇ ਤਖ਼ਤ-ਹਜ਼ਾਰੇ ਯਾਰਾਂ ਦੇ ।
ਲੋਕੀ ਆਖਣ : ਬਹੁਤ ਸੁਰੀਲਾ ਗਾਉਂਦਾ ਏ,
ਮੈਂ ਜਦ ਵੀ ਨੇ ਨਾਮ ਪੁਕਾਰੇ ਯਾਰਾਂ ਦੇ ।
ਉਹਨਾਂ ਨੂੰ ਮਿਲ ਕੇ ਹੀ ਮੇਰਾ ਹਿਰਖ ਮਰੇ
'ਸੰਧੂ' ਮੈਂ ਸਦਕੇ ਬਲਿਹਾਰੇ ਯਾਰਾਂ ਦੇ ।

× × ×

ਬੱਤੀ/ਚਮਨ ਸੁਲਤਾਨਪੁਰੀ

ਬੇ ਵਫਾ ਨੂੰ ਹਰ ਕਦਮ ਉਤੇ ਸਦਾ ਦਿੱਤੀ ਗਈ
ਜ਼ੁਲਮ ਸਹਿ ਕੇ ਭੀ ਮੈਥੋਂ ਬਦ ਦੁਆ ਦਿੱਤੀ ਗਈ

ਮਿੱਤਰਾਂ ਡਿੱਠਾ ਤਮਾਸ਼ਾ ਸਾੜ ਕੇ ਝੁੱਗਾ ਮਿਰਾ
ਬਲ ਰਹੀ ਅੱਗ ਨੂੰ ਸਗੋਂ ਮੁੜ ਮੁੜ ਹਵਾ ਦਿੱਤੀ ਗਈ

ਕੀ ਦਵਾਈਆਂ ਨੇ ਬਚਾਉਣਾ ਸੀ ਤਿਰੇ ਬੀਮਾਰ ਨੂੰ
ਮਸਤ ਨੈਣਾਂ ਚੋਂ ਮਗਰ ਉਸ ਨੂੰ ਪਿਲਾ ਦਿੱਤੀ ਗਈ

ਮਿਲ ਪਏ ਰਸਤੇ ਚਿ ਐਪਰ ਮੂੰਹ ਭੁਆ ਕੇ ਤੁਰ ਗਏ
ਗੋਇਆ ਸਾਡੇ ਪਿਆਰ ਦੀ ਹਰ ਗਲ ਭੁਲਾ ਦਿੱਤੀ ਗਈ

ਲੋਕ ਕਹਿੰਦੇ ਹਨ ਤਿਰਾ ਜੀਵਨ ਉਜੜ ਕੇ ਰਹਿ ਗਿਆ
ਮੈਂ ਇਹ ਕਹਿੰਦੇ ਹਨ ਮਿਰੀ ਦੁਨੀਆਂ ਵਸਾ ਦਿੱਤੀ ਗਈ

ਮੇਰੇ ਕਾਤਿਲ ਨੂੰ ਨਾ ਮੇਰੇ ਸਾਹਮਣੇ ਸੰਗ ਦਿਲ ਕਹੋ
ਮੈਂ ਇਸੇ ਲਇਕ ਸੀ ਮੈਨੂੰ ਜੋ ਸਜ਼ਾ ਦਿੱਤੀ ਗਈ

ਉਸ ਦਿਆ ਨੈਣਾਂ ਚੋਂ ਮੋਤੀ ਆ ਮੁਹਾਰੇ ਕਿਰ ਪਏ
ਜਦ ਚਮਨ ਦੀ ਇਕ ਗਜ਼ਲ ਉਸ ਨੂੰ ਸੁਣਾ ਦਿੱਤੀ ਗਈ

+ + +

ਤੇਤੀ/ਰਾਜਿੰਦਰ ਭੋਗਲ

ਮੈਂ ਪੂਜਦਾ ਹਾਂ ਹੁਸਨ ਪਰ ਕਰਦਾ (ਵਪਾਰ ਨਹੀਂ
ਮੈਂ ਢੂੰਢਦਾਂ ਜਹਾਨ 'ਚੋਂ ਮਿਲਦਾ ਪਿਆਰ ਨਹੀਂ

ਮਿਲਦੇ ਨੇ ਉਂਜ ਤੇ ਰੋਜ਼ ਹੀ ਹੁਸਨਾਂ ਦੇ ਕਾਫਲੇ
ਉਹਨਾਂ ਚੋਂ ਦਿਸਦੀ ਯਾਰ ਦੀ ਮੈਨੂੰ ਨੁਹਾਰ ਨਹੀਂ

ਮੈਂ ਔਕੜਾਂ ਦੇ ਵਿਚ ਵੀ ਜ਼ਿੰਦਗੀ ਸ਼ਿੰਗਾਰਨੀ
ਜਿਸ ਦਾ ਇਲਾਜ ਮੌਤ ਹੈ ਮੈਂ ਉਹ ਬੀਮਾਰ ਨਹੀਂ

ਜਿਊਂਦਾ ਮਿਲੇ ਨਾ, ਕਬਰ 'ਤੇ ਹੰਝੂ ਵਹਾ ਦਵੇ
ਮੈਨੂੰ ਅਜੇਹੇ ਯਾਰ ਦਾ ਹੁਣ ਇੰਤਜ਼ਾਰ ਨਹੀਂ

ਪੀਂਦਾ ਸ਼ਰਾਬ ਰੋਜ਼ ਹਾਂ ਭਰ ਭਰ ਕੇ ਜਾਮ ਮੈਂ
ਨਜ਼ਰਾਂ 'ਚੋਂ ਮਿਲਿਆ ਜੋ ਕਦੀ ਪਰ ਉਹ ਖੁਮਾਰ ਨਹੀਂ

ਮੈਂ ਤੀਰ ਖਾਦੇ ਜ਼ੁਲਮ ਦੇ ਮੁਸਕ੍ਰਾਂਦਾ ਹੀ ਰਿਹਾ
ਮੈਂ ਤੀਰ ਦੇਣੇ ਤੋੜ ਹੁਣ ਖਾਣੀ ਕਟਾਰ ਨਹੀਂ

ਕੀਤੇ ਮੇਰੇ 'ਤੇ ਜਬਰ ਤੁਸੀਂ ਹੋ ਕੇ ਬੇ-ਲਿਹਾਜ
ਮੈਂ ਬਦਲਾ ਲੈਣਾ ਨਕਦ ਹੈ ਕਰਨਾ ਉਧਾਰ ਨਹੀਂ

ਮੈਂ ਦੋਸਤੀ ਦੇ ਰਾਹ 'ਚ ਤੇ ਸੀਨਾ ਵਿਛਾ ਦਿਆਂ
ਪਰ ਦੁਸ਼ਮਣਾਂ ਨੂੰ ਬਖਸ਼ਣਾ ਮੇਰਾ ਵਿਹਾਰ ਨਹੀਂ

× × ×

ਚੌਂਤੀ/ਧਰਮਪਾਲ ਉਪਾਸ਼ਕ

ਜਦ ਵੀ ਚੰਗੇ ਆਏ ਦਿਨ ।
ਹਥੀਂ ਆਪ ਗਵਾਏ ਦਿਨ ।

ਉਹ ਆਏ ਤਾਂ ਕੀ ਆਏ ?
ਜੋ ਹੱਸ ਖੇਡ ਲੰਘਾਏ ਦਿਨ ।

ਹਿੰਮਤ ਦਾ ਜਾਂ ਮਘਦਾ ਸੂਰਜ,
ਵੇਖ ਵੇਖ ਘਬਰਾਏ ਦਿਨ ।

ਖੁਸ਼ੀਆਂ ਧੁੰਧਲੇ ਕੀਤੇ ਜੋ,
ਦੁਖਾਂ ਨੇ ਲਿਸ਼ਕਾਏ ਦਿਨ ।

ਤਲਖ ਹਕੀਕਤ ਬਣਦੇ, ਜਿਹੜਾ,
ਯਾਦਾਂ ਬਣਕੇ ਜਾਏ ਦਿਨ ।

ਲੰਘ ਗਿਆ ਜੋ ਲੰਘ ਗਿਆ,
ਕਿਹੜਾ ਮੋੜ ਲਿਆਏ ਦਿਨ !

ਆਦਮ ਉਲਝੀ ਜਾਂਦਾ ਹੈ,
ਹਰ ਘੜੀ ਹਰ ਆਏ ਦਿਨ ।

× × ×

ਪੈਂਤੀ/ਸਰਵਨ 'ਰਾਹੀ'

ਮਸਿਆ ਦੀ ਰਾਤ ਆਈ ਲੈ ਕੇ ਨਵੇਂ ਸਵੇਰੇ ।
ਪਰ ਲਾ ਕੇ ਉੱਡ ਗਏ ਨੇ ਸੋਗੀ ਗ਼ਮਾਂ ਦੇ ਨ੍ਹੇਰੇ ।

ਹਰ ਵਕਤ ਯਾਦ ਉਸਦੀ ਬੇਚੈਨ ਦਿਲ ਨੂੰ ਕਰਦੀ,
ਲਾਏ ਜਿਨ੍ਹਾਂ ਨੇ ਜਾ ਕੇ ਮਾਰੂਥਲਾਂ 'ਚ ਡੇਰੇ ।

ਸੂਲੀ ਚੜ੍ਹਾ ਕੇ ਸਾਨੂੰ ਹੱਸਦੀ ਰਹੀ ਹੈ ਹੋਣੀ,
ਦੇਖਣ ਲਈ ਅਸਾਂ ਦੇ ਦਮ ਹੌਂਸਲੇ ਤੇ ਜੇਰੇ ।

ਆਵਾਰਗੀ ਮਿਲੀ ਹੈ ਕਦਮਾਂ ਨੂੰ ਹਰ ਕਦਮ ਤੇ,
ਫਿਰ ਵੀ ਅਸਾਂ ਨੇ ਰੱਖੇ ਕਦਮ ਪਕੇਰੇ ।

ਦੁਨੀਆਂ 'ਚ ਮਿਲ ਸਕੀ ਨਾ ਉਹਨਾ ਨੂੰ ਹੋਰ ਥਾਂ ਫ਼ਿਰ
ਇਕ ਵਾਰ ਹੋ ਗਏ ਜੋ ਜੀ ਜਾਨ ਤੋਂ ਤੇਰੇ ।

+ + +

ਛਤੀ/ਗੁਲਬੀਰ ਭਾਟੀਆ

ਪ੍ਰੀਤ-ਖੇਡ ਵਿਚ ਜਿੰਨਾ ਜਿੱਤਿਆ, ਸਾਰਾ ਤੇਰਾ
ਹਾਰੀ ਹੋਈ ਹਰ ਬਾਜੀ ਦਾ ਜਿੰਮਾ ਮੇਰਾ।

ਤੇਰੇ ਹਿੱਸੇ, ਚੰਨ, ਚਾਨਣੀ ਸੂਰਜ਼, ਰਿਸ਼ਮਾਂ
ਮੇਰੇ ਹਿੱਸੇ, ਕਾਲੀਆਂ ਰਾਤਾਂ, ਘੁੱਪ ਹਨੇਰਾ।

ਇਕੋ ਜਿੰਨੇ ਦੋਸ਼ੀ ਆਪਾਂ ਦੋਵੇ, ਦੱਸ ਫ਼ਿਰ,
ਮੇਰੇ ਹੀ ਦੁਆਲੇ ਹੈ ਕਿਉਂ ਦੁਖਾਂ ਦਾ ਘੇਰਾ

ਐਵੇਂ ਕਰਨੈਂ, ਤੂੰ ਕੀ ਜਾਣੇ ਦਰਦ ਕੀ ਹੁੰਦੈ ?
ਮੇਰੇ ਵੱਲ ਜਦ ਪਾਇਆ ਨਹੀਂ ਤੂੰ ਮੁੜਕੇ ਫੇਰਾ।

ਪ੍ਰੀਤ ਦੀਆ ਪੀੜਾਂ ਨੂੰ ਮੈਂ ਤਾਂ ਸਹਿ ਨ ਸਕਿਆ,
ਸਹਿ ਲਈਆਂ ਤੂੰ ਧੰਨ ਦੋਸਤਾ। ਤੇਰਾ ਜੇਰਾ।

ਕਾਲੀਆਂ ਰਾਤਾਂ ਹੋਰ ਕਾਲੀਆਂ ਲੱਗਣ ਮੈਨੂੰ,
ਏਸੇ ਲਈ ਰੁਸ਼ਨਾਇਆ ਸੀ ਤੂੰ ਚਾਰ ਚੁਫੇਰਾ ?

ਏਨੀ ਲੰਮੀ ਰਾਤ ਕਹਿਣ ਇਹਦਾ ਅੰਤ ਨ ਦਿੱਸੇ,
ਜਦ ਵੀ ਪੁੱਛਾਂ ਆਖਣ ਅਜੇ ਹੈ ਦੂਰ ਸਵੇਰਾ।

ਸੱਚ ਮੰਨੀਂ ਦਿਲ ਸਿਰਫ਼ ਤੇਰੀਆਂ ਯਾਦਾਂ ਲਈ ਸੀ,
ਦੁਨੀਆਂ ਦੇ ਦੁੱਖਾਂ ਨੇ ਜਬਰਨ ਲਾਇਆ ਡੇਰਾ।

ਮੈਂ ਤੇ ਤੇਰੇ ਨਕਸ਼ ਉਲੀਕੇ ਸਨ ਐ ਸਾਥੀ।
ਲੋਕੀ ਆਖਣ ਲੱਗੇ ਮੈਨੂੰ ਵਿਸ਼ਵ-ਚਿਤੇਰਾ।

× × ×

ਸੈਂਤੀ/ਬਲਦੇਵ ਸਬਰ

ਅੱਧੀ ਰਾਤ ਪਹਿਰ ਦੇ ਤੜਕੇ ।
ਅੰਬਰ ਦੇ ਵਿਚ ਬਿਜਲੀ ਕੜਕੇ ।

ਮੇਰੇ ਘਰ ਇਕ ਸੁਪਨਾ ਆਇਆ
ਬਾਲਾਂ ਵਾਗਰ ਉਂਗਲ ਫੜਕੇ !

ਪਿੰਡੇ ਉਤੇ ਲਾਸ਼ਾਂ ਪਈਆਂ
ਕਾਹਲੀ ਕਾਹਲੀ ਸੀਨਾ ਧੜਕੇ !

ਚੋਰ ਝਾਤੀਆ ਚਾਨਣ ਮਾਰੇ
ਝੀਥਾਂ ਥਾਣੀਂ ਅੰਦਰ ਵੜਕੇ !

ਇਕ ਉਸਦੀ ਗਲ ਸੁਣਾ ਦੇ
ਉਹਦੇ ਪਿੰਡੋਂ ਆਉਂਦੀ ਏ ਸੜਕੇ !

ਟੁੱਟ ਗਿਆ ਦਿਲ ਸ਼ੀਸ਼ੇ ਵਰਗਾ
ਡਿਗ ਪਿਆ ਸੀ ਧੁੱਪ 'ਚ ਅੜਕੇ !

ਕੀ ਕਹਿਣਗੇ ਦੁਨੀਆ ਵਾਲੇ
ਚੰਗੀ ਗੱਲ ਨਾਂ ਕੀਤੀ ਲੜਕੇ !

ਤੇਰੀ ਸੌਂਹ ਮੈਂ ਰੱਜ ਕੇ ਰੋਇਆ
ਆਪਣੇ ਖ਼ਤ ਨੂੰ ਆਪੇ ਪੜ੍ਹਕੇ

ਅੱਧੀ ਰਾਤ ਪਹਿਰ ਦੇ ਤੜਕੇ
ਅੰਬਰ ਦੇ ਵਿਚ ਬਿਜਲੀ ਕੜਕੇ

ਅਠੱਤੀ/ਸੁਖਦੇਵ ਪ੍ਰੀਤਮ

ਜ਼ਿੰਦਗੀ ਤੋਂ ਮੂੰਹ ਭਵਾਵਾਂ ਕਿਸ ਤਰ੍ਹਾਂ।
ਜ਼ਿੰਦਗੀ ਨੂੰ ਦਾਗ ਲਾਵਾਂ ਕਿਸ ਤਰ੍ਹਾਂ।

ਇਸ਼ਕ ਮੇਰੇ ਦੀ ਹੋਊ ਪੜਤਾਲ ਅੱਜ,
ਐਬ ਆਪਣੇ ਮੈਂ ਲੁਕਾਵਾਂ ਕਿਸ ਤਰ੍ਹਾਂ।

ਤੂੰ ਭੁਲਾ ਸਕਦੈਂ, ਭੁਲਾ ਦੇ ਦੋਸਤਾ,
ਪਿਆਰ ਤੇਰਾ ਮੈਂ ਭੁਲਾਵਾਂ ਕਿਸ ਤਰ੍ਹਾਂ।

ਮੈਂ ਉਹ ਨਹੀਂ ਜੋ ਵੇਖ ਕੇ ਅਣਡਿੱਠ ਕਰੇ,
ਜ਼ੁਲਮ ਅੱਗੇ ਸਿਰ ਝੁਕਾਵਾਂ ਕਿਸ ਤਰ੍ਹਾਂ।

ਪੱਥਰਾਂ ਨੂੰ ਪੂਜਦੇ ਪੱਥਰ ਬਣੇ,
ਪੰਡਤਾਂ ਨੂੰ ਰੱਬ ਵਿਖਾਵਾਂ ਕਿਸ ਤਰ੍ਹਾਂ।

ਕਿਸ ਤਰ੍ਹਾਂ ਦੀਦਾਰ 'ਪ੍ਰੀਤਮ' ਦਾ ਕਰਾਂ,
ਨੂਰ ਦਾ ਭੰਡਾਰ ਪਾਵਾਂ ਕਿਸ ਤਰ੍ਹਾਂ।

ਰਾਜ਼ ਮੇਰੇ ਪਿਆਰ ਦਾ ਖੁਲ੍ਹ ਹੀ ਗਿਆ,
ਰਾਜ਼ ਆਪਣਾ ਮੈਂ ਛੁਪਾਵਾਂ ਕਿਸ ਤਰ੍ਹਾਂ।

+ + +

ਉਨਤਾਲੀ/ਕੁਲਦੀਪ ਸਿੰਘ ਰਾਣਾ

ਪਲ ਪਲ ਚੋਭਰ ਬਿਨ ਤੇਰੇ ਹੈ, ਜ਼ਹਿਰੀਂ ਭਿੱਜੇ ਸ਼ਾਮ ਸਵੇਰੇ ।
ਹੁਣ ਤਾਂ ਮੇਰੀ ਸੋਚ ਦੇ ਸ਼ੀਸ਼ੇ, ਅਕਸ ਬਣਾਈ ਬੈਠੇ ਤੇਰੇ ।
ਕਾਲੀ ਚਾਦਰ ਘੁੱਪ ਹਨੇਰਾ, ਪਾੜ ਪਾੜ ਕੇ ਥੱਕ ਚੁੱਕਾ ਹਾਂ,
ਇਕ ਚਾਨਣ ਦੀਰਿਸ਼ਮ ਨਾਫਿਰ ਭੀ,ਉੱਕਾ ਆਉਂਦੀਘਰ ਵਿਚ ਮੇਰੇ ।
ਭਰਕੇ ਅੱਥਰੂ ਅਖੀਂ ਰਾਤੀਂ, ਪਿਆਰ ਦੀ ਜੋਤ ਜਲਾਂਦਾ ਹਾਂ ਜਦ,
ਮੇਰੇ ਜਲਦੇ ਨੈਣਾਂ ਨੂੰ ਤੱਕ, ਹੋ ਜਾਂਦੇ ਨੇ ਸੁਰਖ ਸਵੇਰੇ ।
ਬ੍ਰਿਹਾ ਨੇ ਹੱੜਾਂ ਵਿੱਚ ਮੇਰੇ, ਭਰ ਦਿੱਤੀ ਹੈ ਕਸਕ ਗਮਾਂ ਦੀ,
ਤਰਸਾਂ 'ਚ ਤਰਸਾਈਆਂ ਪੀੜਾਂ, ਅੰਗ ਅੰਗ ਦੇ ਵਿੱਚ ਦਰਦ ਨੇ ਤੇਰੇ ।
ਲੋਕਾਂ ਵਾਗੂੰ ਭੁੱਖ ਜਿਸਮ ਦੀ, ਮੈਥੋਂ ਹੋਰ ਦਬਾ ਕੇ ਏਦਾਂ,
ਸੱਚਾ ਪਿਆਰ ਨਹੀਂ ਕਹਿ ਹੁੰਦਾ, ਇਹ ਤਾਂ ਹੈਨ ਵਿਛੋੜੇ ਤੇਰੇ ।
ਬੜੀ ਵਾਰ ਇਹ ਸ੍ਵਾਸ ਮੈਂ ਆਪਣੇ, ਦਸਮ ਦਵਾਰ ਚੜ੍ਹਾ ਕੇ ਵੇਖੇ,
ਉਸ ਦੁਆਰੇ ਵੀ ਏਥੇ ਵਾਂਗੂੰ, ਬਿਨ ਤੇਰੇ ਨੇ ਘੁੱਪ ਹਨੇਰੇ ।
ਅੱਖਾਂ ਦੀਆਂ ਸਰਦਲਾਂ ਦੇ ਵਿੱਚ, ਆਣ ਖਲੋਤੇ ਨੇ ਦੋ ਅੱਥਰੂ,
ਜਦ ਸ਼ਗਨਾਂ ਦੇ ਕਾਗਾਂ ਦੀ ਥਾਂ, ਆ ਕੇ ਬੈਠੀ ਮੌਤ ਬਨੇਰੇ ।
ਧੁਆਂਖੀਆਂ ਤੇ ਘਸਮੈਲੀਆਂ ਸ਼ਾਮਾਂ, ਦਿਲ ਮੇਰੇ ਤੇ ਜਾਦੂ ਸੁੱਟਣ,
ਖਿਆਲਾਂ ਦੀ ਤੂੰ ਸੀਮਾਂ ਬਣ ਗਈ, ਸੌੜੇ ਹੋ ਗਏ ਸੋਚ ਦੇ ਘੇਰੇ ।
ਜਿੰਦ ਮੇਰੀ ਨਿੰਦਰਾਈ ਹੋਈ, ਸੁੱਤਾ ਹੋਇਆ ਨਸੀਬਾ ਮੇਰਾ,
ਤੇਰੇ ਗਮ ਦੀਆਂ ਧੁੱਪਾਂ ਚੜ੍ਹ ਕੇ, ਆ ਗਈਆਂ ਨੇ ਘਰ ਵਿਚ ਮੇਰੇ ।
ਜ਼ਿੰਦਗੀ ਦੇ ਘੋਲਾਂ ਅੰਦਰ ਹੀ ਮੇਰਾ ਆਪਾ ਘੁਲ ਚੱਲਿਆ ਹੈ,
ਹਸਰਤਾਂ ਬਰਫਾਂ ਵਾਂਗੂੰ ਐਪਰ, ਲੂਸ ਰਹੇ ਨੇ ਚਾਰ ਚੁਫੇਰੇ ।
ਪੁਰਸਲਾਤ ਦੇ ਉੱਤੋਂ ਦੀ ਮੈਂ ਗੁਜ਼ਰ ਲਵਾਂਗਾ ਲੱਖਾਂ ਵਾਰੀ,
ਪੁਰਸਲਾਤ ਤਾਂ ਕੀ ਮੁਸ਼ਕਿਲ ਹੈ, ਮੁਸ਼ਕਲਿ ਤਾਂ ਨੇ ਇਹ ਪਲ ਮੇਰੇ ।
ਐਵੇਂ ਭੁਲ ਭੁਲ ਕੇ ਭੁਲਿਆ ਤੈਨੂੰ, 'ਰਾਣੇ' ਦੇ ਹੁਣ ਵੱਸ ਨਾ ਭੁੱਲਣਾ,
ਤੇਰਾ ਰੂਪ ਹੀ ਨਜ਼ਰੀ ਆਉਂਦੈ, ਜਦ ਮੈਂ ਵੇਖਾਂ ਚਾਰ ਚੁਫੇਰੇ ।

+ + +

ਚਾਲੀ/ਗੁਰਮੀਤ ਨਿਰਮਲ

ਅੱਜ ਤੁਸੀਂ ਦੋ ਪਲ ਭੀ ਕਿਉਂ ਨਹੀਂ ਠਹਿਰਦੇ
ਹੁਣ ਸਮੇਂ ਸਿਰ ਤੇ ਬਣੇ ਹਨ ਕਹਿਰ ਨੇ

ਕੌਣ ਕਹਿੰਦੈ ਮੇਰੇ ਬੁਲ੍ਹੀਂ ਜਾਮ ਲਾ ?
ਮੈਨੂੰ ਦੇ ਭਰ ਭਰ ਪਿਆਲੇ ਜਹਿਰ ਦੇ

ਮੰਗ ਇਹ ਮੰਗਦਾ ਹਾਂ ਤੈਥੋਂ ਦੋਸਤਾ !
ਮੋੜ ਦੇ ਕੁਝ ਪੱਲ ਹੀ ਬੀਤੇ ਪਹਿਰ ਦੇ

ਖੁਲ ਗਿਆ ਅਜ ਭੇਤ ਸਾਰਾ ਖੁੱਲ ਗਿਆ
ਲੋਕ ਆ ਪਹੁੰਚੇ ਨੇ ਤੇਰੇ ਸ਼ਹਿਰ ਦੇ

ਮੈਂ ਕਿਵੇਂ ਆਖਾਂ ਗਜ਼ਲ ਦਾ ਬਾਦਸ਼ਾਹ
ਜਦ ਤੁਸੀਂ ਵਾਕਿਫ ਨਹੀਂ ਹੋ ਬਹਿਰ ਦੇ

ਭੁਲ ਗਈ ਕੀ ਯਾਦ ਭੀ ਉਸ ਦੀ ਹਜ਼ੂਰ
ਬੋਲ ਜੋ ਆਖੇ ਸੀ ਕੰਢੇ ਨਹਿਰ ਦੇ

ਹਿਜਰ ਤੇਰੇ ਵਿਚ ਨਿਰਾਸੀ ਰਾਤ ਸੀ
ਯਾਦ ਲੈ ਆਈ ਹੈ ਨੇੜੇ ਸ਼ਹਿਰ ਦੇ

ਹੌਸਲਾ ਅਜ਼ਮਾਉਣ ਲਈ ਨਿਰਮਲ ਤਿਰਾ
ਛਾ ਰਹੇ ਨੇ ਸਿਰ ਤੇ ਬੱਦਲ ਗਹਿਰ ਦੇ

+ + +

ਇਕਤਾਲੀ/ਨਰਿੰਦਰ ਪਾਲ ਕੋਮਲ

ਵਸ ਗਿਆ ਦਿਲ 'ਚ ਦਿਲ ਗੁਲਾਬੀ ਹੈ।
ਜ਼ਿੰਦਗੀ ਹੋ ਗਈ ਸ਼ਰਾਬੀ ਹੈ।

ਕੌਣ ਦੇਖੇ, ਹਰੇਕ ਪਾਸੇ ਹੁਣ
ਬੇਨਿਕਾਬੀ ਹੀ ਬੇਨਿਕਾਬੀ ਹੈ।

ਹੁਸਨ ਤੇਰਾ ਜੇ ਰੂਪ ਹੈ ਮੇਰਾ,
ਇਸ਼ਕ ਮੇਰਾ ਵੀ ਇਨਕਲਾਬੀ ਹੈ।

ਜੀਣ ਦਾ ਵੀ ਸੁਆਦ ਨਾ ਆਇਆ।
ਕੌਣ ਦੱਸੇ ਕਿ ਕੀ ਖ਼ਰਾਬੀ ਹੈ।

ਦਿਲ ਤੇ ਤਾਲੇ ਨੂੰ ਦਿਲ ਹੀ ਖੋਲੇਗਾ
ਦਿਲ ਦੀ ਦਿਲ ਹੀ ਜਨਾਬ ਚਾਬੀ ਹੈ।

ਕੋਈ ਕਿੰਨਾ ਕੁ ਰੋ ਲਵੇ ਦੱਸੋ,
ਪੀੜ ਬਖਸ਼ੀ ਹੀ ਬੇਹਿਸਾਬੀ ਹੈ।

ਉਸ ਨਜਰ ਨਾਲ ਨਾ ਮਿਲਾ ਤੂੰ ਨਜ਼ਰ,
ਉਹ ਨਜ਼ਰ 'ਕੋਮਲ' ਸ਼ਰਾਬੀ ਹੈ।

+ + +

ਬਤਾਲੀ/ਐਸ. ਪੀ. ਸਿੰਘ ਪ੍ਰਦੇਸੀ

ਇਹ ਪ੍ਰਦੇਸੀ ਦੀਵਾਨਾ ਹੈ
ਮਧਹੋਸ਼ ਕੋਈ ਮਸਤਾਨਾਂ ਹੈ

ਮਸਤੀ ਵਿਚ ਗ਼ਮ ਭੀ ਭੁੱਲ ਜਾਂਦੇ
ਬਸ ਜਾਮ ਤਾਂ ਇਕ ਬਹਾਨਾ ਹੈ

ਭਰ ਭਰ ਕੇ ਪਿਆਲੇ ਪੀਂਦੇ ਸਾਂ
ਅੱਜ ਕਿੱਥੇ ਉਹ ਮੈਂ ਖਾਨਾ ਹੈ

ਵਾਅਦਾ ਜੋ ਦਿਲਾਂ ਤੇ ਲਿਖਿਆ ਸੀ
ਸਜਣਾ ਸਭ ਝੂਠ ਬਿਆਨਾ ਹੈ

ਬਾਗਾਂ ਦੇ ਵਿਚ ਬਹਾਰਾਂ ਹਨ
ਮੈਨੂੰ ਤਾਂ ਜ਼ਹਿਰ ਜਮਾਨਾ ਹੈ

ਫੁੱਲ ਖਿੜੇ ਨੇ ਮੇਰੇ ਗੁਲਸ਼ਨ ਵਿਚ
ਪਰ ਦਿਲ ਮੇਰਾ ਵੀਰਾਨਾ ਹੈ

ਮੇਰੀ ਨਾ ਚਿੰਤਾ ਕਰ ਸਾਕੀ
ਗ਼ਮ ਨਾਲ ਮਿਰਾ ਯਾਰਾਨਾ ਹੈ

ਬੂਹਾ ਹੀ ਮਿਰੀ ਕਹਾਣੀ ਏ
ਬੱਸ ਪਿਆਰ ਮਿਰਾ ਅਫਸਾਨਾ ਹੈ

ਲਾਂਬੂ ਲਾ ਕੇ ਜਾ ਪ੍ਰਦੇਸੀ ਨੂੰ
ਸਜਣਾ ! ਤੇਰਾ ਸ਼ੁਕਰਾਨਾ ਹੈ

× × ×

ਤਰਤਾਲੀ/ਮਨਜੀਤ ਕਾਫਰ ਹਾਂਗ ਕਾਂਗ

ਪਤਾ ਨਈ ਮੁਹੱਬਤ ਚਿ ਹੈ ਕੀ ਖ਼ੁਦਾਈ
ਝੁਕੇ ਏਸ ਦੇ ਸਾਹਮਣੇ ਪਾਰਸਾਈ

ਭਲਾ ਸਾਕੀਆ ! ਤੂੰ ਹੈ ਕੀ ਸ਼ੈਅ ਪਿਲਾਈ
ਕਿ ਫਿਰ ਜਿੰਦਗੀ ਭਰ ਨਾ ਮੁੜ ਹੋਸ਼ ਆਈ

ਅਸਾਂ ਨੂੰ ਤੇ ਹੈ ਪਾਸ ਅਪਣੀ ਵਫ਼ਾ ਦਾ
ਪਿਆ ਲੱਖ ਕੋਈ ਕਰੇ ਬੇ ਵਫਾਈ

ਜਦੋਂ ਭੀ ਮੈਂ ਭੁੱਲਣ ਦੀ ਕੀਤੀ ਹੈ ਕੋਸ਼ਿਸ਼
ਉਸੇ ਦਮ ਕਿਸੇ ਦੀ ਬਹੁਤ ਯਾਦ ਆਈ

ਗਮਾਂ ਦੀ ਹਨੇਰੀ ਸਿਆਹ ਹਾਤ ਪਿੱਛੋਂ
ਖੁਸ਼ੀ ਦੀ ਸੁਨਹਿਰੀ ਸੁਬਾਹ ਮੁਸਕ੍ਰਾਈ

ਇਹ ਹੈ ਕ੍ਰਿਸ਼ਮਾ ਹੁਸਨ ਦੇ ਜਲਵਿਆਂ ਦਾ
ਤਦੇ ਇਸ਼ਕ ਦੀ ਜ਼ਿੰਦਗੀ ਜਗ ਮਗਾਈ

× × ×

ਚੁਤਾਲੀ/ਨਵਰਾਹੀ ਘੁਘਿਆਣਵੀ

ਕਿੰਜ ਖਾਲੀ ਪਰਤਾਂ ਮੈਖਾਨੇ ਤੋਂ ਮੈਂ
ਸਾਕੀਆ ! ਪੁਛਦਾ ਹਾਂ ਪੈਮਾਨੇ ਤੋਂ ਮੈਂ

ਬੇ-ਬਹਾ ਸੁਆਰਥ ਮਹੱਬਤ ਦੀ ਕਮੀ
ਤੰਗ ਹਾਂ ਲੋਕਾਂ ਦੇ ਯਾਰਾਨੇ ਤੋਂ ਮੈਂ

ਦੂਰ ਮੰਜਿਲ ਪਰ ਇਰਾਦਾ ਦ੍ਰਿੜ ਹੈ।
ਭੈ ਕਿਵੇਂ ਖ਼ਾ ਸਕਦਾ ਵੀਰਾਨੇ ਤੋਂ ਮੈਂ

ਇਸ਼ਕ ਪਿੱਛੇ ਜ਼ਿੰਦਗੀ ਵਾਰੂ ਜਰੂਰ
ਇਹ ਸਬਕ ਸਿਖਿਆ ਹੈ ਪਰਵਾਨੇ ਤੋਂ ਮੈਂ

ਕਿਸ ਤਰਾਂ ਨਵਰਾਹੀ ਸਮਝੇ ਇਹ ਜਹਾਨ
ਕੀ ਕੀ ਲੱਭੇ ਤੇਰੇ ਯਾਰਾਨੇ ਚੋਂ ਮੈਂ

× × ×

ਪੰਤਾਲੀ/ਰਵਿੰਦਰ 'ਰਾਜਨ'

ਮੈਖਾਰਾਂ ਦੀ ਮਹਿਫਿਲ ਅੰਦਰ ਹਰਦਮ ਰਹੇ ਪਿਆਸੇ ।
ਸਖਣੇ ਸਖਣੇ ਦਿਲਾਂ ਦੇ ਵਾਂਗੂ ਸਖਣੇ ਸਖਣੇ ਕਾਸੇ ।

ਮੈਂ ਤੇ ਉਹ ਅਨਜਾਣ ਸੀ ਜਦ ਤਕ, ਉਡਦੇ ਸਾਂ ਅਸਮਾਨੀ,
ਜਦ ਮੈਂ ਭੇਦ ਉਹਨਾਂ ਦਾ ਪਾਇਆ, ਨਿਕਲੇ ਕੂੜ ਦਿਲਾਸੇ ।

ਯਾਰੋ ! ਮੇਰੇ ਯਾਰਾਂ ਨੇ ਵੀ ਤਰਸ ਰਤਾ ਨਾ ਕੀਤਾ,
ਗਮ ਹੀ ਗਮ ਨੇ ਦਿੱਤੇ ਮੈਨੂੰ, ਖ਼ੋਹ ਕੇ ਮੇਰੇ ਹਾਸੇ ।

ਵਾਹ ਹੈ ਲੀਲਾ, ਵਾਹ ਹੈ ਕੁਦਰਤ, ਕੈਸਾ ਖੇਲ ਰਚਾਇਆ,
ਜਿਸ ਪਾਸੇ ਵੀ ਨਜ਼ਰ ਉਠਾਵਾਂ, ਉੱਧਰ ਉਹੀਉ ਭਾਸੇ ।

ਜਿਹਨਾਂ ਦੇ ਦਿਲ ਅੰਦਰ ਮੇਰਾ ਪਿਆਰ ਸੀ ਰਹਿੰਦਾ,
ਉਹਨਾਂ ਦੇ ਦਿਲ ਅੰਦਰ ਕੀਤੇ ਅਜ ਗੈਰਾਂ ਨੇ ਵਾਸੇ ।

ਗੈਰਾਂ ਹੱਥੋਂ ਪੈਣ ਗੰਡਾਸੇ, ਫੁੱਲਾਂ ਵਾਂਗੂ ਹਨ ਲੱਗਣੇ,
ਐਪਰ ਸਜਨਾਂ ਹੱਥੋਂ ਫੁੱਲ ਵੀ, ਵੱਜਨ ਜਿਵੇਂ ਗੰਡਾਸੇ ।

ਕੀ ਦੱਸਾਂ ਮੈਂ 'ਰਾਜਨ' ਐਸੀ ਹਾਲਤ ਹੈ ਅਜ ਹੋਈ,
ਘੁੰਮਣ ਘੇਰੀ ਵਾਂਗੂ ਵਲਿਆ, ਦੁੱਖਾਂ ਆਸੇ ਪਾਸੇ ।

× × ×

ਛਿਆਲੀ/ਸਰਦੂਲ ਸਿੰਘ ਦਰਦ

ਗੁਜਰ ਗਈ ਓਹ ਵਾਹ ਵਾਹ ਸਾਡੀ ਜੋ ਵੀ ਗੁਜਰੀ ਤੇਰੇ ਨਾਲ
ਓਦੂੰ ਮਗਰੋਂ ਕੀ ਕੀ ਦਸਾਂ ਜੋ ਜੋ ਗੁਜਰੀ ਮੇਰੇ ਨਾਲ ।

ਏਹ ਨਾਂ ਸਮਝੀਂ ਮੈਂ ਹਾਂ ਕਲਾ ਗੰਮ ਭੀ ਮੇਰੇ ਸਾਥੀ ਨੇ,
ਜਿਸ ਦਿਹਾੜੇ ਮੈਂ ਸੀ ਜੰਮਿਆਂ ਜੰਮੇ ਦੁਖ ਬਥੇਰੇ ਨਾਲ

ਹੁਣ ਤਾਂ ਦਿਲ ਦੇ ਵੇਹੜੇ ਦੇ ਵਿਚ ਮਾਤਮ ਛਾਇਆ ਰਹਿੰਦਾ ਏ,
ਕਾਲਾ ਕਾਂ ਵੀ ਆਕੇ ਸਾਡੇ ਢੁਕਦਾ ਨਹੀਂ ਬਨੇਰੇ ਨਾਲ ।

ਸੌ ਸੌ ਸੁਖਣਾਂ ਦੇ ਨਾਲ ਸਦੀ ਜਿਸ ਨੇ ਰੁਤ ਬਹਾਰਾਂ ਦੀ,
ਚਮਨ ਮੈਹਕਦਾ ਫੂਕ ਗਈ ਉਹ ਕਰ ਗਈ ਦਗਾ ਫੁਲੇਰੇ ਨਾਲ ।

ਦਿਲ ਦਾ ਦੀਵਾ ਗੁਲ ਹੋ ਗਿਆ ਜਫਾ ਹਨੇਰੀ ਝੁਲਦੀ ਰਹੀ,
ਸਾਡਾ ਤਾਂ ਹੁਣ ਸਾਰਾ ਜੀਵਨ ਭਰਿਆ ਪਿਆ ਹਨੇਰੇ ਨਾਲ ।

ਨਾਗ ਇਸ਼ਕ ਦਾ ਕੀਲਣ ਦੇ ਲਈ ਸਦਿਆ ਜੇਹੜੇ ਸਿਆਣੇ ਨੂੰ,
ਬਿਸੀਅਰ ਕਾਲੇ ਨਾਗ ਜੁਲਫ ਦੇ ਲੈਕੇ ਆਏ ਸਪੇਰੇ ਨਾਲ ।

ਦਿਲ ਦੇ ਸੋਗ ਸਥਰ ਦੇ ਉਤੇ ਝੁਰਮਟ ਪਾਇਆ ਪੀੜਾਂ ਨੇ,
ਆਉਂਦੀਆਂ ਨੇ ਕੁਝ ਰਾਤ ਪਈ ਤੋਂ ਆਉਂਦੀਆਂ ਕੁਝ ਸਵੇਰੇ ਨਾਲ ।

ਹਰ ਹੌਕੇ ਨਾਲ ਹੋਟਾਂ ਉਤੋਂ ਹਾਸੇ ਹਿੰਮਤ ਹਾਰ ਗਏ,
ਸਿਰ ਤੇ ਪਈ ਮਸੀਬਤ ਆਕੇ ਕਟਾਂਗੇ ਹੁਣ ਜੇਰੇ ਨਾਲ ।

ਦਿਲ ਦੀ ਪੂੰਜੀ ਲੁਟਣ ਵਾਲਾ ਮੁੜ ਮੁੜ ਗੇੜੇ ਮਾਰ ਰਿਹੈ,
ਸਾਡੀ ਮੁੜਕੇ ਗਲ ਨਹੀਂ ਬਣਦੀ ਐਸੇ 'ਦਰਦ' ਲੁਟੇਰੇ ਨਾਲ ।

+ + +

ਸੰਤਾਲੀ/ਮੱਲ ਸਿੰਘ ਪਾਗਲ

ਮੈਂ ਦਿਲ ਦੀ ਆਦਤ ਜਾਣਦਾ ਹਾਂ ਐਪਰ ਮੇਰੀ ਮਜਬੂਰੀ ਏ
ਗਮ ਦਾ ਤੂਫਾਨ ਜੇ ਘੇਰ ਲਵੇ ਤਾਂ ਟੁੱਟ ਜਾਂਦੀ ਮਗਰੂਰੀ ਏ

ਜੀਵਨ ਵਿਚ ਹਾਰਾਂ ਖਾ ਖਾ ਕੇ ਦਿਲ ਰਹਿੰਦੈ ਸਦਾ ਉਦਾਸ ਜਿਹਾ
ਲੱਖ ਢਾਰਸ ਦਿਲ ਨੂੰ ਦਿੰਦਾ ਹਾਂ ਪਰ ਰਹਿੰਦੀ ਬਾਤ ਅਧੂਰੀ ਏ

ਦਿਲ ਚਾਹੁੰਦੈ ਮੈਂ ਭੀ ਐਸ਼ ਕਰਾਂ ਪਰ ਵੈਰ ਪਿਐ ਅਸਮਾਨ ਬੜਾ
ਕਿਸਮਤ ਹੀ ਦੇਵੇ ਸਾਥ ਨਾ ਜੇ ਕਰਨੀ ਪੈਂਦੀ ਮਜਦੂਰੀ ਏ

ਸਭ ਕਹਿੰਦੇ ਹਨ ਚਲ ਮੈਖਾਨੇ ਮੈਂ ਦੱਸ ਕਿਵੇਂ ਜਾ ਸਕਦਾ ਹਾਂ
ਨਾ ਜੇਬ ਚਿ ਮੇਰੇ ਪੈਸਾ ਹੈ ਨਾ ਸਾਕੀ ਦੀ ਮਨਜ਼ੂਰੀ ਏ

ਪਾਗਲ ਹੋ ਯਾਰ ਦੇ ਗ਼ਮ ਅੰਦਰ ਜਦ ਗਿਰਿਆ ਜ਼ਾਰੀ ਕਰਦਾ ਹਾਂ
ਤਦ ਕੁਦਰਤ ਭੀ ਮਹਿਸੂਸ ਦੀ ਏ ਇਸਦਾ ਭੀ ਇਲਾਜ ਜ਼ਰੂਰੀ ਏ

× × ×

ਅਠਤਾਲੀ/ਦੇਸ ਰਾਜ 'ਜੀਤ'

ਵੇਖ ਕੇ ਸਾਵੇਂ ਨਵੀਂ ਤਦਬੀਰ ਨੂੰ।
ਇਕ ਤਰੇਲੀ ਆ ਗਈ ਤਕਦੀਰ ਨੂੰ।

ਤੂਰ ਦੇ ਜਲਵੇ ਉਲੀਕਣ ਵਾਸਤੇ,
ਮੈਂ ਪਿਆ ਵੇਖਾਂ ਤੇਰੀ ਤਸਵੀਰ ਨੂੰ।

ਮੁਸਕਰਾ ਕੇ ਝੁਕਨਗੇ ਬਿਸਮਿਲ ਕਈ
ਵੇਖ ਲਹਿਰਾ ਕੇ ਜ਼ਰਾ ਸਮਸ਼ੀਰ ਨੂੰ।

ਯਾਰ ਦਾ ਪੈਗਾਮ ਦੇ ਦੇ ਕਾਸਦਾ
ਘੂਰਦੇ ਕਿਉਂ ਵੇਖ ਕੇ ਤਹਰੀਰ ਨੂੰ।

ਰਹਿਮਤਾਂ ਦੇ ਮਾਲਕਾ ਕੁਝ ਰਹਿਮ ਕਰ
ਬਖਸ਼ ਦੇ ਹੱਸ ਕੇ ਮਿਰੀ ਤਕਸੀਰ ਨੂੰ।

ਯਾਦ ਤੇਰੀ ਜਦ ਸਤੌਂਦੀ ਏ ਜਰਾ
ਵੇਖ ਲੈਂਦਾ ਹਾਂ ਤਿਰੀ ਤਸਵੀਰ ਨੂੰ।

'ਜੀਤ' ਮੈਨੂੰ ਭੁਲ ਗਿਆ ਉਹ ਬੇਵਫਾ
ਮਾਰ ਕੇ ਠੋਕਰ ਗਿਆ ਦਿਲਗੀਰ ਨੂੰ।

× × ×

ਉਨੰਜਾ/ਸੋਮਦੱਤ ਸ਼ਰਮਾ

ਰਾਤ ਗ਼ਮਾਂ ਦੀ ਆਈ ਹੈ
ਦਰਦਾਂ ਅਲਖ ਜਗਾਈ ਹੈ

ਬਰਖਾ ਪੂਰੇ ਜੋਰਾਂ ਤੇ
ਬਿਰਹੇ ਭੱਠੀ ਤਾਈ ਹੈ

ਉਹ ਮਹਿਫਿਲ ਵਿਚ ਨਾ ਆਏ
ਨੈਣਾਂ ਛਹਿਬਰ ਲਾਈ ਹੈ

ਸਜਣਾ ! ਹਾਸਾ ਤੇਰੇ ਭਾਅ
ਮੇਰੀ ਸ਼ਾਮਤ ਆਈ ਹੈ

ਤੱਕੀ ਸੁੰਨੀ ਸੇਜ ਜਦੋਂ
ਮੱਚੀ ਹਾਲ ਦੁਆਈ ਹੈ

ਉਸ ਹਰਜਾਈ ਬਾਲਮ ਨੇ
ਮੇਰੀ ਯਾਦ ਭੁਲਾਈ ਹੈ

ਹੁਸਨ ਤੇ ਮਰ ਮਰ ਜਾਂਦਾ ਏ
ਕਿੱਡਾ ਇਸ਼ਕ ਸ਼ੁਦਾਈ ਹੈ

× × ×

ਪੰਜਾਹ/ਮਨਜੀਤ ਸਿੱਧੂ

ਏਸ ਦੁਨੀਆਂ ਵਿਚ ਰਹਿ ਇਨਸਾਨਾਂ ਤਰਾਂ
ਏਥੇ ਤੂੰ ਆਇਆ ਹੈ ਮਹਿਮਾਨਾਂ ਤਰਾਂ

ਸੋਚ ਕੇ ਹਰ ਇਕ ਕਦਮ ਧਰ ਦੋਸਤਾਂ
ਨਾ ਗਲਤ ਰਾਹ ਤੁਰ ਤੂੰ ਅਨਜਾਣਾਂ ਤਰਾਂ

ਤੂੰ ਤਾਂ ਹੈਂ ਅਣਭੋਲ ਦਿਲ ਸ਼ੈਤਾਨ ਹੈ
ਇਹ ਨਚਾਉਂਦੈ ਤੈਨੂੰ ਸ਼ੈਤਾਨਾਂ ਤਰਾਂ

ਰੂਪ ਤੇ ਜੋਬਨ ਦਾ ਕੀ ਕਰਦੈ ਘੁਮੰਡ
ਸੜਣਗੇ ਸਭ ਜਿਸਮ ਸ਼ਮਸਾਨਾਂ ਤਰਾਂ

ਬੰਦਿਆ ਹੰਕਾਰ ਸਭ ਤੋਂ ਹੈ ਬੁਰਾ
ਫਿਰ ਮੱਛਰਿਆ ਤੂੰ ਹੈਵਾਨਾਂ ਤਰਾਂ

ਖਾਲੀ ਹੱਥ ਜਾਣਾ ਹੈ ਇਸ ਸੰਸਾਰ ਚੋਂ
ਹੈਂਕੜੀ ਨਾ ਕਰ ਤੂੰ ਨਾਦਾਨਾਂ ਤਰਾਂ

ਜਿੰਦਗੀ ਕੱਟਣੀ ਹੈ ਸੁਖ ਨਾਲ ਤੂੰ।
ਕੋਈ ਕੰਮ ਕਰ ਨੇਕ ਇਨਸਾਨਾਂ ਤਰਾਂ

+ + +

ਇਕਵੰਜਾ/ਨਿਰਮਲ ਨੀਰ

ਗ਼ਮ ਤੇ ਪਰਦਾ ਪਾਣ ਦੀ ਕੋਸ਼ਿਸ਼ ਨ ਕਰ
ਖਾਹ-ਮਖਾਹ ਮੁਸਕਾਣ ਦੀ ਕੋਸ਼ਿਸ਼ ਨ ਕਰ ।

ਮੈਂ ਦਿਲੋਂ ਤੈਨੂੰ ਭੁਲਾਣਾ ਚਾਹ ਰਿਹਾਂ
ਯਾਦ ਮੈਨੂੰ ਆਣ ਦੀ ਕੋਸ਼ਿਸ਼ ਨ ਕਰ ।

ਛੇੜਕੇ ਜ਼ਖਮਾਂ ਨੂੰ ਪਹਿਲਾਂ ਜਾਲਿਮਾਂ !
ਹੁਣ ਇਹ ਮਰਹਮ ਲਾਣ ਦੀ ਕੋਸ਼ਿਸ਼ ਨ ਕਰ ।

ਅੱਖੀਆਂ ਤੋਂ ਦੂਰ ਜਾਵਣ ਵਾਲਿਆ
ਦਿਲ ਦੇ ਨੇੜੇ ਆਣ ਦੀ ਕੋਸ਼ਿਸ਼ ਨ ਕਰ ।

ਪਿਆਰ ਦੇ ਸੁਫਨੇ ਸੁਹਾਣੇ ਲੁਟ ਕੇ
ਸੁਫਨਿਆਂ ਵਿੱਚ ਆਣ ਦੀ ਕੋਸ਼ਿਸ਼ ਨ ਕਰ ।

+ + +

ਬਵੰਜਾ/ਜਸਬੀਰ ਸਿੰਘ ਜਸਬੀਰ

ਸੱਜਣ ਦੀ ਯਾਦ ਵਿੱਚ ਜ਼ਿੰਦਗੀ ਅਸੀਂ ਇੱਦਾਂ ਬਿਤਾਂਦੇ ਰਹੇ।
ਕਦੇ ਪੀਂਦੇ ਰਹੇ ਹੰਝੂ ਕਦੇ ਬਸ ਗ਼ਮ ਹੀ ਖਾਂਦੇ ਰਹੇ।

ਨਾ ਸਾਨੂੰ ਯਾਰ ਹੀ ਲੱਭਾ ਨਾ ਮਿਲ ਸਕਿਆ ਕਿਨਾਰਾ ਹੀ
ਅਸੀਂ ਇਸ ਇਸ਼ਕ ਦੇ ਦਰਿਆ ਦੇ ਵਿਚ ਗੋਤੇ ਹੀ ਲਾਂਦੇ ਰਹੇ।

ਬੇਦਰਦਾਂ, ਸ਼ੀਸ਼ੇ ਵਾਂਗੂ, ਮੇਰਾ ਇਹ ਦਿਲ ਚੂਰ ਕਰ ਦਿੱਤਾ
ਉਹਨਾਂ ਦੀ ਹਰ ਖ਼ਤਾ ਤੇ ਫਿਰ ਵੀ ਆਪਣਾ ਸਿਰ ਝੁਕਾਂਦੇ ਰਹੇ।

ਇਹ ਦੁਨੀਆਂ ਸੂਲ ਜਿਹੇ ਤਾਹਨੇ ਕਦੇ ਦੇਣੇ ਤੋਂ ਨਹੀਂ ਰੁਕਦੀ
ਇਹ ਤੋਹਫ਼ਾ ਪਿਆਰ ਦਾ ਮੰਨ ਕੇ ਅਸੀਂ ਸੀਨੇ ਲਗਾਂਦੇ ਰਹੇ।

ਨਿਭਾਵਨ ਦਾ ਸਲੀਕਾ ਤੂੰ ਕਦੇ ਨਾ ਪਿਆਰ ਵਿੱਚ ਸਿੱਖਿਆ
ਅਸੀਂ ਤਾਂ ਹਰ ਕਦਮ ਤੇ ਇਸ ਲਈ ਸਭ ਕੁਝ ਲੁਟਾਂਦੇ ਰਹੇ।

ਨਹੀਂ ਕੀਤਾ ਗਿਲਾ 'ਜਸਬੀਰ' ਤੇਰੀ ਬੇਵਫ਼ਾਈ ਦਾ
ਇਹ ਸਾਰਾ ਦੋਸ਼ ਕਿਸਮਤ ਆਪਣੀ ਸਿਰ ਹਾਂ ਲਗਾਂਦੇ ਰਹੇ।

× × ×

ਤਰਵੰਜਾ/ਨਰਿੰਦਰ ਅਨਜਾਣ

ਹੌਕੇ ਭਰਦਾ ਹੀ ਮਰ ਗਿਆ ਕੋਈ
ਮੇਰੀ ਤੋਬਾ ! ਕੀ ਕਰ ਗਿਆ ਕੋਈ

ਕਿੰਨੀ ਬੋਝਲ ਸੀ ਜ਼ਿੰਦਗੀ ਅਪਣੀਂ
ਕੱਖੋਂ ਭੀ ਹੌਲੀ ਕਰ ਗਿਆ ਕੋਈ

ਇਕ ਨਜ਼ਰ ਨਾਲ ਵੇਖ ਕੇ ਸਾਨੂੰ
ਮਸਤੀ ਲੂੰ ਲੂੰ ਵਿਚ ਭਰ ਗਿਆ ਕੋਈ

ਮੈਂ ਤਾਂ ਚੁਪ ਹਾਂ ਵਫਾ ਦੇ ਸਦਕਾ ਅਜ
ਇਹ ਨਾ ਸਮਝੇ ਕਿ ਡਰ ਗਿਆ ਕੋਈ

ਹੁਸਨ ਦਾ ਏਤਬਾਰ ਕਰ ਕੇ ਫਿਰ
ਐਵੇਂ ਅਣਜਾਨ ਮਰ ਗਿਆ ਕੋਈ

× × ×

ਚੁਰਿੰਜਾ/ਸੁਲੱਖਣ ਸਿੰਘ ਸਰਹੱਦੀ

ਜ਼ਿੰਦਗੀ ਦੀ ਸ਼ਾਮ ਐਸੇ ਥਾਂ ਢਲੀ
ਜਿਸ ਤੋਂ ਅੱਗੇ ਜੀਣ ਦੀ ਗੱਲ ਨਾ ਚਲੀ

ਇਸ਼ਕ ਦੇ ਭਾਂਬੜ ਨੇ ਮੈਨੂੰ ਸਾੜਿਆ
ਰੂਪ ਉਸਦਾ ਬਣ ਗਿਆ ਹੇਮਾਂ ਡਲੀ

ਜਿਥੋਂ ਤੁਰਿਆ ਸਾਂ ਮੈਂ ਉਥੇ ਆ ਗਿਆ
ਘੁੰਮ ਫਿਰ ਕੇ ਆ ਗਈ ਉਹੋ ਗਲੀ

ਹਿਜ਼ਰ ਦਾ ਸੂਰਜ ਗ਼ਮਾਂ ਦੀ ਧੁੱਪ ਹੈ
ਸਿਰ ਤੇ ਨਾ ਜ਼ੁਲਫਾਂ ਦੀ ਠੰਢੀ ਛਾਂ ਖਲੀ

ਵਿਹੜੇ ਆ ਕੇ ਮੌਤ ਐਂ ਟਲਦੀ ਰਹੀ
ਵਾਅਦਾ ਕਰਕੇ ਸਜਣੀਂ ਤੂੰ ਜਿੱਦਾਂ ਟਲੀ

ਢਾਲ ਦੇ ਲਾਟ ਜਿੱਦਾਂ ਮੋਮ ਨੂੰ
ਏਦਾਂ ਉਹਦੇ ਹਿਜਰ ਵਿਚ ਚਰਬੀ ਢਲੀ

ਰੂਪ ਤੇਰਾ ਸਰਹਦੀ ਨੂੰ ਛਲ ਗਿਆ
ਸੱਸੀ ਰੂਹ ਜਿਉਂ ਬਲੋਚਾਂ ਨੇ ਛਲੀ

+ + +

ਪਚਵੰਜਾ/ਅਮਰਜੀਤ ਸਪੈਰੋ

ਤੂੰ ਜਦੋਂ ਭੀ ਯਾਦ ਆਈ ਪੀ ਲਈ
ਜ਼ਿੰਦਗੀ ਦਿੱਸੀ ਤਿਹਾਈ ਪੀ ਲਈ

ਪੀਣ ਦੀ ਆਦਤ ਨਹੀਂ ਸੀ ਫੇਰ ਵੀ
ਤੂੰ ਜਦੋਂ ਅੱਖ ਨਾ ਮਿਲਾਈ ਪੀ ਲਈ

ਲੋਕ ਪੀਂਦੇ ਹਨ ਜਦੋਂ ਸਾਥੀ ਮਿਲੇ
ਤੂੰ ਜਦੋਂ ਹੋ ਪਰਾਈ ਪੀ ਲਈ

ਪਹਿਲਾ ਤਾਂ ਪੀਂਦੇ ਰਹੇ ਨੈਣਾਂ ਦਾ ਨੂਰ
ਹੁਣ ਤਾਂ ਬਸ ਬੋਤਲ ਉਠਾਈ ਪੀ ਲਈ

ਜਿੱਤ ਕੇ ਬਾਜ਼ੀ ਤਾਂ ਪੀਂਦੇ ਹਨ ਤਮਾਮ
ਪਰ ਅਸੀਂ ਬਾਜ਼ੀ ਹਰਾਈ ਪੀ ਲਈ

ਗ਼ੌਰ ਤੇ ਆਪਣੇ 'ਚ ਹੁਣ ਦਿਸਦਾ ਨਈਂ ਫਰਕ
ਜਿਸ ਨੇ ਭੀ ਸਾਨੂੰ ਪਿਲਾਈ ਪੀ ਲਈ

ਜਿਸ ਤਰਾਂ ਜ਼ਿੰਦਗੀ ਨੇ ਲੋਕੀਂ ਮਾਣਦੇ
ਜਦ ਸਮਝ ਐਨੀ ਕੁ ਆਈ ਪੀ ਲਈ

ਐ ਸਪੈਰੋ ! ਸੁਪਨਿਆਂ ਦੀ ਕਬਰ ਤੇ
ਸ਼ਮਾਅ ਇਸ ਦਿਲ ਦੀ ਜਲਾਈ ਪੀ ਲਈ

+ + +

ਛਪੰਜਾ/ਤਰਸੇਮ ਨਰੂਲਾ

ਕੀ ਦੱਸਾਂ ਮੇਰੇ ਬਾਂਕੇ ਰਾਂਝਣਾਂ, ਮੈਂ ਕਿੱਦਾਂ ਵਕਤ ਗੁਜ਼ਾਰਾਂ ਵੇ
ਕੀਹਨੂੰ ਦੱਸਾਂ ਤੇ ਕੀ ਕੀ ਦੱਸਾਂ ਤੈਨੂੰ ਸਾਡੀਆਂ ਨਾ ਕੋਈ ਸਾਰਾਂ ਵੇ

ਜਿੰਦ ਮਲੂਕ ਬੜੀ ਮੇਰੇ ਸਜਣਾ ਭਾਰ ਗ਼ਮਾਂ ਦਾ ਲੱਦਿਆ
ਯਾਦ ਤਿਰੀ ਦੀ ਭੱਠੀ ਅੰਦਰ ਮਘਾਂ ਵਾਂਗ ਅੰਗਿਆਰਾਂ ਵੇ

ਰਾਤ ਲੰਘਾਵਾਂ ਤਾਰੇ ਗਿਣ ਗਿਣ ਦਿਨ ਵੇਲੇ ਪਈ ਔਸੀਆਂ ਪਾਵਾਂ
ਨਾ ਤੇਰੀ ਕੋਈ ਚਿੱਠੀ ਆਈ ਨਾ ਆਈਆਂ ਸਰਕਾਰਾਂ ਵੇ

ਜ਼ਾਲਿਮ ਲੋਕੀ ਦੇਵਨ ਤਾਅਨੇ ਝਿੜਕਾਂ ਸੈਂਦੇ ਫਿਰਦੇ ਕੈਦੋ
ਪਕਿਆਂ ਦੀ ਥਾਂ ਕੱਚੇ ਰੱਖਣ ਟਲਣ ਨਹੀਂ ਬਦਕਾਰਾਂ ਵੇ

ਹੌਕਿਆਂ ਮੇਰਾ ਜੋਬਨ ਲੁਟਿਆ ਪਿਆਰ ਪਿਆਸੇ ਨੈਣ ਅਸਾਡੇ
ਯਾਦ ਤੇਰੀ ਵਿਚ ਨੀਂਦ ਵਗੁਚੀ ਮੈਂ ਝੋਲੀ ਕੀਤੀ ਪਿਆਰਾਂ ਵੇ

ਸਬਰ ਮਿਰੇ ਦਾ ਪਿਆਲਾ ਟੁਟਿਆ ਤੇਰੀਆਂ ਉਹੀ ਬੇਪਰਵਾਹੀਆਂ
ਤੂੰ ਜੇਤੂ ਹੋਇਆ ਵੇ ਸਜਣਾਂ ਮੈਂ ਅਜ ਮੰਨੀਆਂ ਹਾਰਾਂ ਵੇ

ਤੈਨੂੰ ਭਾਵੇਂ ਚਿੱਤ ਨਾ ਚੇਤਾ ਮੈਨੂੰ ਹਰ ਸਾਹ ਤੇਰੀਆਂ ਯਾਦਾਂ
ਤੂੰ ਭਾਵੇਂ ਪਰਦੇਸੀਂ ਫਿਰਦੈਂ ਮੈਂ ਘਰ ਸ਼ਗਨ ਵਿਚਾਰਾਂ ਵੇ

ਐਡਾ ਕੋਰਾ ਬਣ ਕੇ ਸੱਜਨਾ ਮੇਰੀਆਂ ਸਧਰਾਂ ਰੋਲ ਨਾ ਏਦਾਂ
ਨਾਰਾਂ ਦੇ ਸੰਗ ਕੰਤ ਸਹਾਉਂਦੇ ਕੰਤਾਂ ਸੰਗ ਸੁਹੰਦੀਆਂ ਨਾਰਾਂ ਵੇ

+ + +

ਸਤਵਿੰਜਾ/ਸੰਤੋਖ ਸਿੰਘ ਸੰਧੂ

ਫਿਰ ਛਿੜੀ ਹੈ ਗੱਲ ਤੇਰੇ ਸ਼ਹਿਰ ਦੀ
ਝੁਲ ਪਈ ਗੋਇਆ ਹਨੇਰੀ ਕਹਿਰ ਦੀ

ਤੂੰ ਤਾਂ ਮੇਰੇ ਦੋਸਤਾ ਅੰਗ ਪਾਲ ਦਾ
ਵਿਹੰਦਾ ਸੀ ਅਸਮਾਨ ਜੇ ਅੱਖ ਗਹਿਰ ਦੀ

ਮੈਂ ਤਾਂ ਊਸ਼ਾ ਦੀ ਝਲਕ ਨੂੰ ਤਰਸਦਾਂ
ਤੂੰ ਹੈਂ ਗਲ ਕਰ ਪਿਆ ਦੁਪਹਿਰ ਦੀ

ਤੇਰੇ ਅੱਗੇ ਦਿਲ ਫਰੋਲਨ ਦੀ ਸੀ ਰੀਝ
ਤੇਰੀ ਛਾਂ ਭੀ ਕੋਲ ਨਈਂ ਪਰ ਠਹਿਰਦੀ

ਬੇ ਸੁਆਦੀ ਹੈ ਤਦੇ ਮੇਰੀ ਗ਼ਜ਼ਲ
ਜਾਚ ਨਹੀਂ ਮੈਨੂੰ ਵਜ਼ਨ ਤੇ ਬਹਿਰ ਦੀ

ਸਿੱਧੂ ਨੂੰ ਰਾਹ ਜੀਣ ਦਾ ਦੱਸ ਦੋਸਤਾ
ਜਾਂ ਪੁੜੀ ਉਸ ਨੂੰ ਦੇ ਹੱਥੀਂ ਜ਼ਹਿਰ ਦੀ

× × ×

ਇਸ਼ਕ ਬਿਨਾਂ ਤਾਂ ਔਖਾ ਸੌਖਾ ਸਰ ਜਾਂਦੈ
ਭੁੱਖਾ ਹੋਵੇ ਪੇਟ ਕਦੋਂ ਫਿਰ ਸਰਦਾ ਹੈ ?

— ਈਸ਼ਰ ਚੁਚਰਾ

ਅਠਵੰਜਾ/ਮੋਹਨ ਸਿੰਘ

ਕਿਹੜਾ ਲਭ ਸਿਰਾ ਸਕਿਆ, ਜ਼ਿੰਦਗੀ ਦੇ ਰਾਹਵਾਂ ਦਾ ।
ਹਰ ਪੜਾ ਸੁਨੇਹਾ ਹੈ ਅਗਲਿਆਂ ਪੜਾਵਾਂ ਦਾ ।

ਤੋੜ ਲੰਘ ਗਿਆ ਦੇਖੋ ਧਰਤ ਦੀ ਤੜਾਗੀ ਨੂੰ
ਕੋਈ ਹਦ ਬੰਨਾ ਹੈ ਇਸ਼ਕ ਦੇ ਸ਼ੁਦਾਵਾਂ ਦਾ ?

ਧਰਤ ਜਿੱਥੇ ਮੁਕ ਜਾਂਦੀ ਰੰਗਾਂ ਦੀ ਝਨਾਂ ਵਹਿੰਦੀ
ਪਰ ਕੋਈ ਰੰਝੇਟਾ ਹੀ ਪਾਵੇ ਮੁਲ ਝਨਾਵਾਂ ਦਾ ।

ਜਿਹੜੇ ਹਿੰਮਤਾਂ ਵਾਲੇ ਚੀਰਦੇ ਪੁਲਾੜਾਂ ਨੂੰ
ਚੰਨ ਦਾ ਟੁਕ ਖਾਂਦੇ ਨੇ ਭਰ ਕੇ ਘੁਟ ਸੁਆਵਾਂ ਦਾ ।

ਤਾਰਿਆਂ ਦੇ ਤਖਤ ਉਤੇ ਮਾਣ ਨਾਲ ਬਹਿੰਦੇ ਨੇ
ਸਿਰ ਦੇ ਉਤੇ ਧਰਦੇ ਨੇ ਤਾਜ ਕਹਿਕਸ਼ਾਵਾਂ ਦਾ ।

ਕਢ ਲਏ ਨੇ ਸਾਗਰ ਚੋਂ ਕਿਰਤੀਆਂ ਰਤਨ ਚੌਦਾਂ
ਹੋਰ ਚੌਦਾਂ ਕਢ ਲੈਣੇ ਮਥ ਕੇ ਸ਼ਹੁ ਖਲਾਵਾਂ ਦਾ ।

ਛੱਡ ਕੇ ਧਰਤ ਦਾ ਕੰਢਾ ਕੁੱਦੇ ਜੋ ਪੁਲਾੜਾਂ ਵਿਚ
ਉੱਠ ਕੇ ਲੈਣ ਜੋਗਾ ਹੈ ਨਾਂ ਉਨ੍ਹਾਂ ਮਲਹਾਵਾਂ ਦਾ ।

× × ×

ਉਨਾਹਠ/ਬਾਵਾ ਬਲਵੰਤ

ਜ਼ਿੰਦਗਾਨੀ ਏ ਪਰਾਇਆ ਧਨ ਨਹੀਂ
ਜ਼ਿੰਦਗੀ ਨੂੰ ਮਾਨਣਾ ਔਗੁਣ ਨਹੀਂ ।

ਕਿਉਂ ਖਿਆਲਾਂ ਦੇ ਲਈ ਹਨ ਬੇੜੀਆਂ
ਜੇ ਹਵਾ ਨੂੰ, ਵਕਤ ਨੂੰ ਬੰਧਨ ਨਹੀਂ ।

ਇਕ ਜ਼ਖਮ, ਕੋਈ ਉਮੰਗ, ਇਕ ਢੂੰਡ ਭਾਲ,
ਤੜਪ ਤੋਂ ਬਿਨ ਮੌਤ ਹੈ, ਜੀਵਣ ਨਹੀਂ ।

ਰੋਜ਼ ਲੰਘਦਾ ਹਾਂ ਗਲੀ ਤੇਰੀ ਚੋਂ ਮੈਂ
ਚਾਹੇ ਕਿਸਮਤ ਵਿਚ ਤੇਰਾ ਦਰਸ਼ਨ ਨਹੀਂ ।

ਫੇਰ ਵੀ ਕੁਝ ਮੇਰੀ ਲਗਦੀ ਹੈਂ ਜ਼ਰੂਰ
ਜ਼ਿੰਦਗੀ ਦੀ ਚਾਹੇ ਤੂੰ ਸਾਥਣ ਨਹੀਂ ।

ਕਿਸ ਤਰ੍ਹਾਂ ਪੂਰਨ ਹੁਸਨ ਦਰਸ਼ਨ ਦਏ
ਜ਼ਿੰਦਗਾਨੀ ਉਸ ਦੇ ਜੇ ਅਰਪਣ ਨਹੀਂ ।

ਭਾਰ ਮਾਨਵਤਾ ਦਾ, ਜਗ-ਦੁੱਖ ਹਰਨ ਦਾ
ਜੇ ਨਹੀਂ ਉਹ ਸਿਰ ਨਹੀਂ, ਗਰਦਨ ਨਹੀਂ ।

× × ×

ਸੱਠ/ਜਨਾਬ ਦਿਆਲ ਚੰਦ ਮੁਗਲਾਨੀ

ਜ਼ਿੰਦਗੀ ਦੇ ਕੇ ਭੀ ਜ਼ਿੰਦਗੀ ਦੇ ਰਸਿਕ, ਜ਼ਿੰਦਗੀ ਨੂੰ ਸਦਾ ਜਗਮਗਾਂਦੇ ਰਹੇ
ਤਾਰਿਆਂ ਵਾਂਗ ਟੁੱਟ ਕੇ ਭੀ ਉਹ ਹਿੰਮਤੀ, ਛੇਕ ਨ੍ਹੇਰੇ ਦੀ ਛਾਤੀ ਚਿ ਪਾਂਦੇ ਰਹੇ

ਕਰਨਾ ਕਾਗਾਂ ਨੇ ਉਹਨਾਂ ਦਾ ਕੀ ਸਾਹਮਣਾ, ਉਹਨਾਂ ਕਰਨੀ ਕਿਨਾਰੇ ਦੀ ਕੀ ਕਾਮਨਾ
ਜਿਹੜੇ ਲਹਿਰਾਂ ਨੂੰ ਪੀਂਘਾਂ ਰਹੇ ਸਮਝਦੇ, ਜੋ ਭੰਵਰ ਨੂੰ ਹਿੰਡੋਲੇ ਬਨਾਂਦੇ ਰਹੇ

ਜ਼ਿੰਦਗੀ ਦੇ ਸਵੰਬਰ ਚਿ ਉਹਨਾਂ ਦੇ ਗਲ ਪੁਸ਼ਪ ਮਾਲਾ ਅਮਰਤਾ ਨੇ ਪਾਈ ਸਦਾ
ਫਾਂਸੀਆਂ ਨ ਲ ਫੇਰੇ ਜੋ ਲੈਂਦੇ ਰਹੇ, ਸੂਲੀਆਂ ਨੂੰ ਜੋ ਸਿਹਰੇ ਸਜਾਂਦੇ ਰਹੇ

ਇਸ਼ਕ ਦੇ ਅਸਲ ਰਾਣੇਂ ਉਹ ਫਰਿਹਾਦ ਨੇ, ਜਿਨ੍ਹਾਂ ਹੱਥਾਂ 'ਚ ਤੇਸੇ ਅਮਲ ਦੇ ਫੜੇ
ਮਜਨੂੰਆਂ ਨਾਲ ਦੁਨੀਆਂ ਦਾ ਕੀ ਸੌਰਿਆ, ਖ਼ੂਨ ਪੀਂਦੇ ਰਹੇ ਜਿਗਰ ਖਾਂਦੇ ਰਹੇ

ਉਹੀ ਪਹੁੰਚੇ ਸਫਲਤਾ ਦੇ ਦੁਆਰੇ ਸਦਾ, ਲੰਘੇ ਆਕੜ ਕੇ ਜੋ ਔਕੜਾਂ ਦੀ ਗਲੀ
ਸਹੁਜ ਫੁੱਲਾਂ ਦਾ ਉਹਨਾਂ ਨੇ ਕੀ ਮਾਨਣਾ, ਜਿਹੜੇ ਕੰਢਿਆਂ ਤੋਂ ਦਾਮਨ ਬਚਾਂਦੇ ਰਹੇ

ਕੋਈ ਦੁਖ ਦੁਖ ਨਹੀਂ ਕੋਈ ਸੁਖ ਸੁਖ ਨਹੀਂ, ਫਰਕ ਹੈ ਆਪਣੀ ਆਪਣੀ ਸਮਝ ਦਾ
ਤਰੇਲ ਫੁੱਲਾਂ ਤੇ ਬਹਿਕੇ ਭੀ ਰੋਂਦੀ ਰਹੀ, ਫੁਲ ਕੰਢਿਆਂ ਤੇ ਭੀ ਮੁਸਕ੍ਰਾਂਦੇ ਰਹੇ

ਤੇਰੀ ਬੇਅੰਤ ਬਖਸ਼ਿਸ਼ ਨਾ ਜਾਚੀ ਅਸਾਂ, ਬੰਦਗੀ ਦੇ ਝਮੇਲੇ ਚਿ ਫਸਣਾਂ ਪਿਆ
ਐਵੇਂ ਨਾਂ ਨਾਂ ਦੇ ਮਣਕੇ ਰਹੇ ਫੇਰਦੇ, ਐਵੇਂ ਥਾਂ ਥਾਂ ਤੇ ਮੱਥੇ ਘਸਾਂਦੇ ਰਹੇ

× × ×

ਇਕਾਹਠ/ਡਾ: ਨਰੇਸ਼

ਆਪਣਾ ਰੋਣਾ ਛੱਡੋ ਯਾਰੋ ਹੁਣ ਜੰਗਲ ਦੀ ਗੱਲ ਕਰੋ।
ਕੈਸ਼ ਦੀਆਂ ਚੀਕਾਂ ਦੀ ਲੈਲਾ ਦੇ ਕੱਜਲ ਦੀ ਗੱਲ ਕਰੋ।

ਮੈਂ ਕਹਿੰਦਾ ਹਾਂ ਕੁੱਲੀ ਮੇਰੀ ਗੱਲਾਂ ਦਾ ਕੇਂਦਰ ਹੋਵੇ,
ਉਹ ਕਹਿੰਦੇ ਨੇ ਮੈਨੂੰ ਮਿਲੋ ਤਾਂ ਸ਼ੀਸ਼ ਮਹੱਲ ਦੀ ਗੱਲ ਕਰੋ।

ਜਿਸ ਤੇ ਰਾਤ ਸਮੇਂ ਭੂਤਾਂ ਦੀ ਮਹਿਫਲ ਜੁੜ ਜੁੜ ਜਾਂਦੀ ਸੀ,
ਪਿੰਡ ਦੀ ਗੱਲ ਚਲਾਈ ਹੈ ਤਾਂ ਉਸ ਪਿੱਪਲ ਦੀ ਗੱਲ ਕਰੋ।

ਰੂਪ ਰੰਗ ਰਸ ਸਾਜ, ਜਵਾਨੀ ਵਾਲੇ, ਯਾਰੋ ਹੁਣ ਕਿੱਥੇ,
ਹੁਣ ਜੇਕਰ ਕਰਣੀ ਹੈ ਯਾਦਾਂ ਦੇ ਦਲਦਲ ਦੀ ਗੱਲ ਕਰੋ।

ਰਹਿਣ ਦਿਉ ਰਿੰਦਾ ਤਕ ਹੀ ਬੱਸ ਪੰਡਤ ਜੀ ਦਾਰੂ ਦੀ ਗੱਲ
ਜਾਓ ਤੁਸੀਂ ਮੰਦਰ ਵਿਚ ਬੈਠੋ ਗੰਗਾਜਲ ਦੀ ਗੱਲ ਕਰੋ।

ਬੀਤੀਆਂ ਗੱਲਾਂ ਦਾ ਇਹ ਰੋਣਾ ਯਾਰੋ ਕਦ ਤਕ ਰੋਵੋਗੇ,
ਬੀਤੀ ਕਲ੍ਹ ਦੀ ਛੱਡੋ ਆਵਣ ਵਾਲੀ ਕੱਲ੍ਹ ਦੀ ਗੱਲ ਕਰੋ।

ਉਹ ਜਿਹੜਾ ਮਾਜ਼ੀ ਦੀਆਂ ਯਾਦਾਂ ਵਿੱਚ ਹੀ ਖੁਭਿਆ ਰਹਿਦਾ ਸੀ
ਅੜੀਓ, ਉਸ'ਨਰੇਸ਼'ਦੀ ਹਾਂ ਹਾਂ ਉਸ ਪਾਗਲ ਦੀ ਗੱਲ ਕਰੋ।

+ + +

ਬਾਹਠ/ਸੁਖਪਾਲਵੀਰ ਸਿੰਘ ਹਸਰਤ

ਸਾਗਰ 'ਚੋਂ ਉੱਠੀ ਲਹਿਰ ਆਉ ਸੰਭਾਲੀਏ ।
ਲੋਕਾਂ ਦੇ ਦੁਖ ਭੀ ਆਪਣੇ ਕਰਕੇ ਦਿਖਾਲੀਏ ।

ਆਇਆ ਸਮਾਂ ਓ ਸਾਥੀਓ ਜਾਨਾਂ ਨੂੰ ਹੀਲੀਏ,
ਪਰਬਤ ਨੂੰ ਚੀਰ ਸੁੱਟੀਏ, ਸਾਗਰ ਹੰਗਾਲੀਏ ।

ਘਾੜਤ ਨਵੀਂ ਬਣਾਈਏ, ਢਹਿੰਦੇ ਨੂੰ ਢਾਈਏ,
ਆਪਣੇ ਹੀ ਹੱਥੀਂ ਆਪਣੀ ਹੋਣੀ ਨੂੰ ਢਾਲੀਏ ।

ਸੀ ਗਫ਼ਲਤਾਂ ਦੀ ਰਾਤ ਸਾਡੀ ਜ਼ਿੱਲਤਾਂ ਦੀ ਰਾਤ,
ਜਾਗੇ ਹਾਂ ਹੁਣ ਤਾਂ ਆਪਣੀ ਮਿੱਟੀ ਨਾ ਬਾਲੀਏ ।

ਬੇਹੌਸਲੇ ਨੇ ਜਿਹੜੇ ਉਹਨਾਂ ਨੂੰ ਹਲੂਣੀਏ,
ਸੁੱਤੇ ਨੇ ਜਿਹੜੇ ਉਹਨਾਂ ਨੂੰ ਟੁੰਬ ਕੇ ਉਠਾਲੀਏ ।

ਸਾਗਰ 'ਚੋਂ ਉੱਠੀ ਲਹਿਰ ਨੂੰ ਆਉ ਸੰਭਾਲੀਏ ।
ਲੋਕਾਂ ਦੇ ਦੁੱਖ ਆਪਣੇ ਕਰਕੇ ਦਿਖਾਲੀਏ ।

+ + +

ਤਰੇਂਹਠ/ਤਖਤ ਸਿੰਘ

ਆਸ ਸੀ ਦਮ ਲੈਣਗੇ ਕੰਧਾਂ ਨੂੰ ਢਾਹ ਕੇ
ਸਿਰ-ਫਿਰੇ ਪਰਤੇ ਘਰੀਂ ਮੱਥੇ ਭੰਨਾ ਕੇ

ਨਾ ਤਾਂ ਮਨ ਟਿਕ ਕੇ ਬਹੇ ਤਨ ਦੀ ਗੁਫਾ ਵਿਚ
ਨਾ ਹੀ ਤਨ ਥਾਂ ਸਿਰ ਮਰੇ ਮਨ ਵਿਚ ਸਮਾ ਕੇ

ਜਾਚਣੈਂ ਮੇਰੀ ਬੁਲੰਦੀ ਨੂੰ ਤਾਂ ਤੱਕੋ
ਮੇਰਾ ਪਰਛਾਵਾਂ ਪਏ ਕਿੱਥੇ ਕੁ ਜਾ ਕੇ

ਸੀਤ ਠੰਢੀ ਛਾਂ ਉਨ੍ਹਾਂ ਥੱਲੇ ਹੀ ਲੱਭੀ
ਬਿਰਛ ਜੋ ਧੁੱਪੀਂ ਪਲੇ ਅੰਗਿਆਰ ਖਾ ਕੇ

ਕੁਝ ਕੁ ਸ਼ੀਸ਼ੇ ਰੋੜ ਖਾ ਕੇ ਵੀ ਨਾ ਭਜੇ
ਹਾਰ ਕੇ ਭੱਜੇ ਵੀ ਤਾਂ ਕਿਰਚਾਂ ਖਿੰਡਾ ਕੇ

ਮੈਂ ਤਾਂ ਕਲਮੂੰਹਾਂ, ਗਿਆ ਪੁਣਿਆਂ ਤਾਂ ਦੁਖ ਕੀ ?
ਚੰਦ ਕਿਉਂ ਛੱਟੇ ਗਏ ਛੱਜਾਂ 'ਚ ਪਾ ਕੇ

ਕੀੜਿਆਂ ਨੇ ਰੇਤ ਤੇ ਸੁਫਨੇ ਉਲੀਕੇ
ਵਾ ਨੇ ਜਦ ਵਾਚੇ ਤਾਂ ਮੇਸੇ ਤਾਂ 'ਚ ਆ ਕੇ

× × ×

ਚੌਂਠ/ਸੰਤੋਖ ਸਿੰਘ ਸਾਬਿਰ

ਕਰੋ ਨਾ ਕਿਸੇ ਦੇ ਚੁਬਾਰੇ ਦੀ ਗਲ
ਕਰੋ ਤੇ ਕਰੋ ਆਪਣੇ ਚਾਰੇ ਦੀ ਗਲ

ਨਾ ਉਚੇ ਮਿਜ਼ਾਜ਼ਾਂ ਤੇ ਰੀਝੋ ਕਦੇ
ਇਹ ਚੰਗੀ ਹੈ ਆਪਣੇ ਗੁਜ਼ਾਰੇ ਦੀ ਗਲ

ਜਿਗਰ ਫੂਕਦੀ ਹੀ ਰਹੀ ਗ਼ਮ ਦੀ ਅਗ
ਜਦੋਂ ਭੀ ਤੁਰੀ ਇਕ ਸ਼ਰਾਰੇ ਦੀ ਗੱਲ

ਲੜਾਂਗਾ ਬਰਾਬਰ ਮੈਂ ਲਹਿਰਾਂ ਦੇ ਨਾਲ
ਨ ਏਥੇ ਕਹੋ ਰਵੇ ਕਿਨਾਰੇ ਦੀ ਗਲ

ਸਹਾਰੇ ਦੇ ਤਾਲਿਬਾ ਸਹਾਰਾ ਨਾ ਤੱਕ
ਬੁਰੀ ਹੈ ਕਿਸੇ ਦੇ ਸਹਾਰੇ ਦੀ ਗਲ

ਅਗਰੇ ਕਦਮ ਇਸ਼ਕ ਦੀ ਰਾਹ ਤੇ
ਹੈ ਮੰਜ਼ਿਲ ਮੁਸਾਫਿਰ ਦੇ ਚਾਰੇ ਦੀ ਗਲ

ਫਿਜ਼ਾ ਤੇ ਉਦਾਸੀ ਨਹੀਂ ਬੇ ਸਬਬ
ਤੁਰੀ ਹੈ ਕਿਤੇ ਗਮ ਦੇ ਮਾਰੇ ਦੀ ਗਲ

ਨਿਕਮਾਂ ਹੀ ਲੜਦਾ ਹੈ ਰਿਦਾਂ ਦੇ ਨਾਲ
ਕਰੇ ਕੌਣ ਭਾਈ ਨਿਕਾਰੇ ਦੀ ਗਲ

ਕਹੋ ! ਸਾਬਿਰਾ ! ਕੁਝ ਜੇ ਕਹਿੰਦਾ ਹੈ ਯਾਰ
ਮਿਰੀ ਜਾਨ ! ਮੋੜੋ ਨਾ ਪਿਆਰੇ ਕੀ ਗਲ

× × ×

ਪੈਂਠ/ਰਾਮ ਨਾਥ ਮੁਸਾਫਿਰ

ਜਿੰਦਗੀ ਇਕ ਘੋਲ ਹੈ ਤੇ ਜ਼ਿੰਦਗੀ ਤੂਫਾਨ ਹੈ
ਕੌਣ ਕਹਿੰਦਾ ਹੈ ਕਿ ਜੀਣਾਂ ਮਰਨ ਤੋਂ ਆਸਾਨ ਹੈ

ਮਾਯੂਸੀਆਂ ਨਾਕਾਮੀਆਂ ਬਰਬਾਦੀਆਂ ਦੁਖ ਦਰਦ ਗ਼ਮ
ਉਧਰ ਮਕੱਮਿਲ ਫੌਜ ਹੈ ਏਧਰ ਇਕੱਲੀ ਜਾਨ ਹੈ

ਚੰਦ ਆਹਾਂ ਚੰਦ ਹੌਕੇ, ਯਾਸ ਉ ਹਸਰਤ ਦਾ ਹਜ਼ੂਮ
ਮੇਰੇ ਘਰ ਦਾ ਦੋਸਤੋ ਇਹ ਮੁਖਤਸਿਰ ਸਾਮਾਨ ਹੈ

ਸੌਂ ਗਏ ਅਰਮਾਨ ਸਭ ਆਸਾਂ ਦਾ ਖਫਨ ਤਾਨ ਕੇ
ਹੈ ਅਗਰ ਬਾਕੀ ਕੋਈ ਮਰ ਮਿਟਣ ਦਾ ਅਰਮਾਨ ਹੈ

ਜਿੱਥੇ ਅਦੀਬਾਂ ਦੇ ਲਈ ਹੈ ਜੀਣ ਮੁਸ਼ਕਿਲ ਮਰਨ ਤੋਂ
ਮੇਰਾ ਹੀ ਹਿੰਦੁਸਤਾਨ ਹੈ ਮੇਰਾ ਹੀ ਹਿੰਦੁਸਤਾਨ ਹੈ

ਕੋਈ ਤਵੱਕਾ ਕਿਉਂ ਕਰੇ ਉਥੇ ਭਲਾ ਇਨਸਾਫ ਹੈ
ਮੁੱਲ ਵਿਕਦਾ ਜਿਸ ਜਗਾ ਈਮਾਨ ਤੇ ਭਗਵਾਨ ਦੀ

ਐ ਮੁਸਾਫਿਰ ! ਆਹਲਣੇ ਲਈ ਹੋਰ ਰੋਂਦੇ ਹੋਣਗੇ
ਹੱਥੀਂ ਬਣਾ ਕੇ ਆਹਲਣਾ ਫੂਕਣ ਤੇ ਤੇਰੀ ਬਾਣ ਹੈ

+ + +

ਛਿਆਠ/ਡਾ: ਰਣਧੀਰ ਸਿੰਘ ਚੰਦ

ਭਾਵੇਂ ਚਾਰ ਚੁਫੇਰੇ ਵਿਛਿਆ ਰੰਗਾਂ ਦਾ ਸੀ ਜਾਲ।
ਫਿਰ ਵੀ ਇਕ ਦਿਨ ਉਸਨੇ ਮਾਰੀ ਅੰਨ੍ਹੇ ਖੂਹ ਵਿਚ ਛਾਲ।

ਇਕ ਇਕ ਕਰਕੇ ਉਤਸਵ ਵਿਚੋਂ ਤੁਰ ਗਏ ਜਦ ਸਭ ਲੋਕ
ਪਹਿਨ ਲਈ ਮੈਂ ਆਪਣੇ ਤਨ ਤੇ ਇਕਲਾਪੇ ਦੀ ਢਾਲ।

ਖੌਰੇ ਉਸ ਇਕ ਪਲ ਵਿਚ ਕਿੰਨੀ ਵਾਰੀ ਮੋੜੀ ਮੌਤ
ਤੇਰੇ ਭਾਣੇ ਲੰਘ ਗਏ ਸਾਂ ਨੀਵੀਆਂ ਨਜ਼ਰਾਂ ਨਾਲ।

ਦਿਨ ਚੜ੍ਹਦਾ ਤਾਂ ਹੋਠਾਂ ਉੱਤੇ ਲੈ ਆਈਏ ਮੁਸਕਾਨ,
ਰੋਜ਼ ਹੀ ਰਾਤੀਂ ਹੋ ਰੋ ਹੋਵਣ ਅੱਖੀਆਂ ਲਾਲੋ ਲਾਲ।

ਅਪਣੇ ਅਪਣੇ ਘਰ ਦੀ ਹੱਦ ਟਪਾ ਗਏ ਸਾਰੇ ਯਾਰ,
ਤਨਹਾਈ ਨੇ ਰਾਹ ਵਿਚ ਮੈਨੂੰ ਪੁੱਛੇ ਲੱਖ ਸਵਾਲ।

ਭਾਵੇਂ ਪੱਥਰਾਂ ਦੀ ਬਾਰਿਸ਼ 'ਚੋਂ ਲੰਘਣਾ ਪੈਂਦਾ ਰੋਜ਼
ਇਕ ਤਸੱਲੀ ਹੈ ਕਿ ਦਿੱਤੇ ਬਚਨ ਰਹੇ ਹਾਂ ਪਾਲ!

+ + +

ਸਤਾਠ/ਦੀਪਕ ਮਹਿੰਦ ਪੁਰੀ

ਨਾਦਾਨ, ਜੋ ਕਿਸੇ ਨੂੰ ਨਾਦਾਨ ਸਮਝ ਬੈਠੇ ।
ਆਪਣੇ ਜੋ ਦੁਸ਼ਮਨਾਂ ਨੂੰ ਇਨਸਾਨ ਸਮਝ ਬੈਠੇ ।

ਲੋਕਾਂ ਤੇ ਕੀ ਗਿਲਾ ਇਹ ਤਾਂ ਵਾ ਹੀ ਵਗ ਗਈ ਏ ।
ਆਪਣੇ ਫਰਜ਼ ਨੂੰ ਅਪਣੇ ਅਹਿਸਾਨ ਸਮਝ ਬੈਠੇ ।

ਕਿਤਨੇ ਹਨੇਰੇ ਅੰਦਰ ਇਹ ਨੇ ਖੁਦਾ ਦੇ ਬੰਦੇ,
ਪਥਰ ਦੀ ਮੂਰਤੀ ਨੂੰ ਭਗਵਾਨ ਸਮਝ ਬੈਠੇ ।

ਉਸ ਨੇ ਝਣਾਂ ਦੇ ਵਿਚੋਂ ਤਰਕੇ ਕੀ ਪਾਰ ਜਾਣਾ,
ਜੋ ਨਿੱਕੀ ਜਿਹੀ ਛਲ ਨੂੰ ਤੂਫਾਨ ਸਮਝ ਬੈਠੇ ।

ਇਹ ਹਿੰਦੂ ਇਹ ਮੁਸਲਿਮ ਇਹ ਸਿੱਖ ਇਹ ਇਸਾਈ,
ਇਹ ਉੱਚ ਨੀਚ ਰਬ ਦਾ ਫੁਰਮਾਨ ਸਮਝ ਬੈਠੇ ।

ਉਹਨਾਂ ਨੂੰ ਮੈਂ ਤੇ 'ਦੀਪਕ' ਇਨਸਾਨ ਆਖਦਾ ਹਾਂ,
ਜੋ ਚੰਗੀ ਮਾੜੀ ਗਲ ਦੀ ਪਹਿਚਾਨ ਸਮਝ ਬੈਠੇ ।

× × ×

ਅਠਾਹਠ/ਸ: ਸ: ਮੀਸ਼ਾ

ਕਾਗਜ਼ ਦੇ ਫੁੱਲਾਂ ਨੂੰ ਅਤਰ ਦਾ ਫੰਭਾ ਲਾਈਏ
ਇਸ ਮੌਸਮ ਵਿਚ ਏਦਾਂ ਹੀ ਕਮਰਾ ਮਹਿਕਾਈਏ ।

ਕੈਸੇ ਸ਼ੀਸ਼ ਮਹਲ ਵਿਚ ਕੀਤਾ ਕੈਦ ਅਸਾਨੂੰ
ਅਕਸ ਪਕੜਦੇ ਕੰਧਾਂ ਤੋਂ ਮੱਥੇ ਭੰਨਵਾਈਏ ।

ਕੀ ਪੁਛਦੇ ਹੋ ਹਾਲ ਸ਼ਾਮ ਦਾ ਹਾਰ ਹੁੱਟੇ
ਥੱਕੇ ਟੁੱਟੇ ਜਿਸਮ ਘਸੀਟ ਘਰੀਂ ਲੈ ਜਾਈਏ ।

ਰਾਹ ਦੀ ਰੌਣਕ ਵਿਚ ਉਲਝ ਕੇ ਭੁਲ ਬੈਠੇ ਹਾਂ
ਘਰੋਂ ਤੁਰੇ ਸੀ ਬੰਨ੍ਹ ਕੇ ਕਿਸ ਮੰਜ਼ਲ ਦੇ ਦਾਈਏ ।

ਦਿਲ ਵਿਚ ਕੰਡਿਆਂ ਵਾਂਗੂੰ ਚੁੱਭਣ ਤੇਰੀਆਂ ਗੱਲਾਂ
ਫੁਲਾਂ ਵਾਂਗੂੰ ਚੁਪ ਚਾਪ ਸੁਣੀਏ ਮੁਸਕਾਈਏ ।

ਵਕਤ ਦੇ ਪੈਰਾਂ ਹੇਠ ਨਾ ਵਿਸ਼ੀਏ ਸੜਕਾਂ ਵਾਂਗੂੰ
ਗੜ੍ਹਕਦਿਆਂ ਬਦਲਾਂ ਦੇ ਵਾਂਗੂੰ ਸਿਰ ਤੇ ਛਾਈਏ ।

× × ×

ਉਨੱਤਰ/ਅੰਮ੍ਰਿਤਸਰੀਆ ਰਾਮ ਚਮਨ

ਮੈਂ ਆਖਣ ਤੋਂ ਸਚਾਈ ਨੂੰ ਨਹੀਂ ਡਰਦਾ ਮਿਰੀ ਮਰਜ਼ੀ
ਮੈਂ ਤੁਹਮਤ ਜਾਂ ਬੁਰਾਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਮੈਂ ਮਿੱਤਰ ਮਾਰ ਨੂੰ ਮਿਲਦਾ ਸਦਾ ਗਲਵੱਕੜੀ ਪਾ ਕੇ
ਛੁਰੀ ਉਸ ਦੀ ਛੁਪਾਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਮੈਂ ਲੱਖਾਂ ਵਾਰ ਖਾਦੇ ਹਨ ਕਿਸੇ ਦੇ ਪਿਆਰ ਵਿਚ ਧੋਖੇ
ਅਜੇ ਭੀ ਬੇਵਫਾਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਮਨੁੱਖਤਾ ਮਾਰ ਕੇ ਜਿੱਥੇ ਹੈ ਪੂਜਾ ਰੱਬ ਦੀ ਹੁੰਦੀ
ਮੈਂ ਉਸ ਝੂਠੀ ਖੁਦਾਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਮਿਰੀ ਪੱਕੀ ਹੈ ਪਗ ਡੰਡੀ ਮੇਰੀ ਮੰਜ਼ਿਲ ਦਰਾਡੇ ਹੈ
ਮੁਸੀਬਤ ਰਾਹ ਚਿ ਆਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਕਲੇਜੇ ਦੀ ਮੈਂ ਆਪਣੀ ਰੱਤ ਪਿਆਲੇ ਵਿਚ ਪਾ ਦੇਵਾਂ
ਕਦੀ ਮਹਿਫ਼ਿਲ ਤਿਹਾਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਕੋਈ ਤਲਵਾਰ ਜਦ ਚੁੱਕੇ ਮੈਂ ਨੀਵੀਂ ਧੌਣ ਕਰ ਦਿਨੈ
ਫਿਰ ਅਗਲੀ ਕਾਰਵਾਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਤਬੀਬ ਰੋਗ ਮੇਰੇ ਦੀ ਸੀ ਰਲ ਕੇ ਖੋਜ ਜਦ ਕੀਤੀ
ਮਰਜ਼ ਗੁੱਝੀ ਸੁਣਾਈ ਤੋਂ ਨਹੀਂ ਡਰਦਾ ਮਿਰੀ ਮਰਜ਼ੀ

ਚਮਨ ਜੀ ਰੋਗ ਹੱਡਾਂ ਨੂੰ ਤੇ ਫਿਰ ਪਰਹੇਜ਼ ਹੈ ਕਾਹਦਾ
ਮੈਂ ਸਿਰ ਤੇ ਮੌਤ ਆਈ ਤੋਂ ਨਹੀਂ ਡਹਦਾ ਮਿਰੀ ਮਰਜ਼ੀ

× × ×

ਸੱਤਰ/ਊਧਮ ਸਿੰਘ ਆਜ਼ਾਦ

ਮੈਂ ਦੀ ਮੈਅ ਪੀ ਕੇ ਵਧੀ ਭਟਕਨ ਸਦਾ ਇਨਸਾਨ ਦੀ
ਇਸ ਬੀਮਾਰੀ ਨੂੰ ਦਵਾ ਲੱਗ ਨਹੀਂ ਲੁਕਮਾਨ ਦੀ

ਅਕਲ ਨੂੰ ਸਮਝਾਉਣ ਦੀ ਕੁਝ ਲੋੜ ਹੈ ਜਿੰਦਗੀ ਦੇ ਵਿਚ
ਤਾਂ ਜੋ ਹਰ ਇਨਸਾਨ ਵੰਡੇ ਪੀੜ ਹਰ ਇਨਸਾਨ ਦੀ

ਸੱਚ ਕਿਹੈ ਹਮਸਾਏ ਹੁੰਦੇ ਮਾਂ ਪਿਉ ਜਾਏ ਨੇ ਉਹ
ਜੋ ਕਦਰ ਕਰਦੇ ਸਦਾ ਇਖਲਾਕ ਤੇ ਈਮਾਨ ਦੀ

ਸੁਆਹਥਾਂ ਦੀ ਦੌੜ ਵਿਚ ਚਲਦੇ ਰਹੇ ਨੇ ਕਾਫਲੇ
ਡਫਰੀਆਂ ਵਿਚ ਨਾ ਸੁਣੀ ਤੂਤੀ ਕਿਸੇ ਗੁੰਣਵਾਨ ਦੀ

ਬਣ ਗਈ ਸ਼ੁਅਲਾ ਐ ਯਾਰੋ ਧੁਖ ਰਹੀ ਸਾੜੇ ਦੀ ਅੱਗ
ਇਹ ਸ਼ਰਾਰਤ ਜਾਪਦੀ ਹੈ ਫਿਰ ਕਿਸੇ ਸ਼ੈਤਾਨ ਦੀ

ਬਦਲਿਆ ਹੈ ਰੁਖ ਹਵਾ ਹੈ ਹੁਣ ਕੋਈ ਉੱਠੂ ਤੂਫਾਨ
ਦਿਸਦੀ ਹੈ ਛੱਲਾਂ ਚੋਂ ਸੂਰਤ ਉਠ ਰਹੇ ਤੂਫਾਨ ਦੀ

ਸਾਂਭਿਉ ਚੱਪੂ ਰਤਾ ਹੋਸ਼ਿਆਰ ਹੋ ਕੇ ਮਾਝੀਉ
ਕਾਲੀ ਘਟ ਉਠਦੀ ਪਈ ਹੈ ਪਾ ਕੇ ਸ਼ਹਿ ਅਸਮਾਨ ਦੀ

ਰਾਹ ਨਵੇਂ ਨਿਕਲਣਗੇ ਇਸ ਸੰਘਰਸ਼ ਚੋਂ ਤੇਰੇ ਲਈ
ਪਤਝੜਾਂ ਪਿਛੋਂ ਹੀ ਜਿੰਦਗੀ ਹੈ ਬਹਾਰਾਂ ਮਾਨਦੀ

ਭੁਲ੍ਹਦਾ ਹੈ ਜਿਸ ਥਾਂ ਤੇ ਮੁੜਕਾ ਆਸ਼ਕੀ ਦਾ ਐ ਆਜ਼ਾਦ
ਉਹ ਜਗਾਹ ਜੱਨਤ ਤੋਂ ਵੱਧ ਹੁੰਦੀ ਹੈ ਉਚੀ ਸ਼ਾਨ ਦੀ

× × ×

ਇਕੱਤਰ/ਚਾਨਣ ਗੋਬਿੰਦਪੁਰੀ

ਹੱਸ ਹੱਸ ਕੇ ਉਹ ਅਦਾ ਦੇ ਨਸ਼ਤਰ ਚੁਭੋ ਰਹੇ ਨੇ।
ਜਿੱਦਾਂ ਮੇਰੇ ਤੇ ਡਾਢੇ ਅਹਿਸਾਨ ਹੋ ਰਹੇ ਨੇ।

ਮਹਿਫ਼ਲ 'ਚ ਜਾਮ ਦਾ ਕਿਸ ਨੂੰ ਏ ਹੋਸ਼ ਸਾਕੀ
ਤੇਰੇ ਹੀ ਮੁੱਖ ਤੇ ਸਾਰੇ ਨਜ਼ਰਾਂ ਗਡੋ ਰਹੇ ਨੇ।

ਹੈਰਾਨ ਕਿਉਂ ਹੋ ਤੱਕਕੇ ਹੰਝੂ ਇਹ ਰੱਤ-ਭਿੰਨੇ
ਸੀਨੇ ਦੇ ਜ਼ਖਮ ਯਾਰੋ ਅੱਖਾਂ ਥੀਂ ਚੋ ਰਹੇ ਨੇ।

ਫੁੱਲਾਂ ਨੇ ਰਾਹ 'ਚ ਆਕੇ ਕੀਤੀ ਏ ਵਾਟ ਖੋਟੀ
ਜ਼ਾਲਿਮ ਇਹ ਮੇਰੇ ਪੈਰੀਂ ਕੰਡੇ ਚੁਭੋ ਰਹੇ ਨੇ।

ਹਿੰਮਤ ਦੇ ਆਸਰੇ ਤਾਂ ਅਰਸ਼ਾਂ ਤੇ ਲੋਕ ਪਹੁੰਚੇ
ਕਿਸਮਤ ਤੇ ਰਹਿਣ ਵਾਲੇ ਕਿਸਮਤ ਨੂੰ ਰੋ ਰਹੇ ਨੇ।

ਮੰਜ਼ਿਲ ਦੇ ਪੈਂਡਿਆਂ ਤੇ ਸੰਭਲ ਕੇ ਤੁਰਨਾ ਪੈਂਦਾ
ਕਾਹਲੀ ਜਿਨ੍ਹਾਂ ਨੇ ਕੀਤੀ ਰਾਹ ਵਿਚ ਖਲੋ ਰਹੇ ਨੇ।

ਬਿਨ ਆਸਰੇ ਵੀ 'ਚਾਨਣ' ਰਹਿੰਦੇ ਨੇ ਰਹਿਣ ਵਾਲੇ
ਜਿੱਦਾਂ ਅਡੋਲ ਧਰਤੀ ਅੰਬਰ ਖਲੋ ਰਹੇ ਨੇ।

+ + +

ਸੱਤਰ/ਊਧਮ ਸਿੰਘ ਆਜ਼ਾਦ

ਮੈਂ ਦੀ ਮੈਅ ਪੀ ਕੇ ਵਧੀ ਭਟਕਨ ਸਦਾ ਇਨਸਾਨ ਦੀ
ਇਸ ਬੀਮਾਰੀ ਨੂੰ ਦਵਾ ਲੱਗ ਨਹੀਂ ਲੁਕਮਾਨ ਦੀ

ਅਕਲ ਨੂੰ ਸਮਝਾਉਣ ਦੀ ਕੁਝ ਲੋੜ ਹੈ ਜਿੰਦਗੀ ਦੇ ਵਿਚ
ਤਾਂ ਜੋ ਹਰ ਇਨਸਾਨ ਵੰਡੇ ਪੀੜ ਹਰ ਇਨਸਾਨ ਦੀ

ਸੱਚ ਕਿਹੈ ਹਮਸਾਏ ਹੁੰਦੇ ਮਾਂ ਪਿਉ ਜਾਏ ਨੇ ਉਹ
ਜੋ ਕਦਰ ਕਰਦੇ ਸਦਾ ਇਖਲਾਕ ਤੇ ਈਮਾਨ ਦੀ

ਸੁਆਰਥਾਂ ਦੀ ਦੌੜ ਵਿਚ ਚਲਦੇ ਰਹੇ ਨੇ ਕਾਫਲੇ
ਡਫਰੀਆਂ ਵਿਚ ਨਾ ਸੁਣੀ ਤੂਤੀ ਕਿਸੇ ਗੁੰਣਵਾਨ ਦੀ

ਬਣ ਗਈ ਸ਼ੁਅਲਾ ਐ ਯਾਰੋ ਧੁਖ ਰਹੀ ਸਾੜੇ ਦੀ ਅੱਗ
ਇਹ ਸ਼ਰਾਰਤ ਜਾਪਦੀ ਹੈ ਫਿਰ ਕਿਸੇ ਸ਼ੈਤਾਨ ਦੀ

ਬਦਲਿਆ ਹੈ ਰੁਖ ਹਵਾ ਹੈ ਹੁਣ ਕੋਈ ਉੱਠੂ ਤੂਫਾਨ
ਦਿਸਦੀ ਹੈ ਛੱਲਾਂ ਚੋਂ ਸੂਰਤ ਉਠ ਰਹੇ ਤੂਫਾਨ ਦੀ

ਸਾਂਭਿਉ ਚੱਪੂ ਰਤਾ ਹੋਸ਼ਿਆਰ ਹੋ ਕੇ ਮਾਝੀਉ
ਕਾਲੀ ਘਟ ਉਠਦੀ ਪਈ ਹੈ ਪਾ ਕੇ ਸ਼ਹਿ ਅਸਮਾਨ ਦੀ

ਰਾਹ ਨਵੇਂ ਨਿਕਲਣਗੇ ਇਸ ਸੰਘਰਸ਼ ਚੋਂ ਤੇਰੇ ਲਈ
ਪਤਝੜਾਂ ਪਿਛੋਂ ਹੀ ਜਿੰਦਗੀ ਹੈ ਬਹਾਰਾਂ ਮਾਨਦੀ

ਡੁਲ੍ਹਦਾ ਹੈ ਜਿਸ ਥਾਂ ਤੇ ਮੁੜਕਾ ਆਸ਼ਕੀ ਦਾ ਐ ਆਜ਼ਾਦ
ਉਹ ਜਗਾਹ ਜੱਨਤ ਤੋਂ ਵੱਧ ਹੁੰਦੀ ਹੈ ਉਚੀ ਸ਼ਾਨ ਦੀ

× × ×

ਇਕੱਤਰ/ਚਾਨਣ ਗੋਬਿੰਦਪੁਰੀ

ਹੱਸ ਹੱਸ ਕੇ ਉਹ ਅਦਾ ਦੇ ਨਸ਼ਤਰ ਚੁਭੋ ਰਹੇ ਨੇ।
ਜਿੱਦਾਂ ਮੇਰੇ ਤੇ ਡਾਢੇ ਅਹਿਸਾਨ ਹੋ ਰਹੇ ਨੇ।

ਮਹਿਫ਼ਲ 'ਚ ਜਾਮ ਦਾ ਕਿਸ ਨੂੰ ਏ ਹੋਸ਼ ਸਾਕੀ
ਤੇਰੇ ਹੀ ਮੁੱਖ ਤੇ ਸਾਰੇ ਨਜ਼ਰਾਂ ਗਡੋ ਰਹੇ ਨੇ।

ਹੈਰਾਨ ਕਿਉਂ ਹੋ ਤੱਕਕੇ ਹੰਝੂ ਇਹ ਰੱਤ-ਭਿੰਨੇ
ਸੀਨੇ ਦੇ ਜ਼ਖਮ ਯਾਰੋ ਅੱਖਾਂ ਥੀਂ ਚੋ ਰਹੇ ਨੇ।

ਫੁੱਲਾਂ ਨੇ ਰਾਹ 'ਚ ਆਕੇ ਕੀਤੀ ਏ ਵਾਟ ਖੋਟੀ
ਜ਼ਾਲਿਮ ਇਹ ਮੇਰੇ ਪੈਰੀਂ ਕੰਡੇ ਚੁਭੋ ਰਹੇ ਨੇ।

ਹਿੰਮਤ ਦੇ ਆਸਰੇ ਤਾਂ ਅਰਸ਼ਾਂ ਤੇ ਲੋਕ ਪਹੁੰਚੇ
ਕਿਸਮਤ ਤੇ ਰਹਿਣ ਵਾਲੇ ਕਿਸਮਤ ਨੂੰ ਰੋ ਰਹੇ ਨੇ।

ਮੰਜ਼ਿਲ ਦੇ ਪੈਂਡਿਆਂ ਤੇ ਸੰਭਲ ਕੇ ਤੁਰਨਾ ਪੈਂਦਾ
ਕਾਫ਼ਲੀ ਜਿਨ੍ਹਾਂ ਨੇ ਕੀਤੀ ਰਾਹ ਵਿਚ ਖਲੋ ਰਹੇ ਨੇ।

ਬਿਨ ਆਸਰੇ ਵੀ 'ਚਾਨਣ' ਰਹਿੰਦੇ ਨੇ ਰਹਿਣ ਵਾਲੇ
ਜਿੱਦਾਂ ਅਡੋਲ ਧਰਤੀ ਅੰਬਰ ਖਲੋ ਰਹੇ ਨੇ।

+ + +

ਬਹੱਤਰ/ਚਾਨਣ ਗੋਬਿੰਦਪੁਰੀ

ਪਰਵਾਨਿਆਂ ਨਾਲੋਂ ਵੀ ਉਹ ਰੁਤਬੇ 'ਚ ਬੜੇ ਨੇ।
ਲੁਕ ਛੁਪ ਕੇ ਸ਼ਮਾਂ ਤੋਂ ਵੀ ਜੋ ਚੁਪਚਾਪ ਸੜੇ ਨੇ !

ਅੱਜ ਗ਼ਰਜ਼ ਦੀ ਦੁਨੀਆਂ ਨੇ ਜੋ ਭਗਵਾਨ ਘੜੇ ਨੇ।
ਇਉਂ ਜਾਪ ਰਿਹੈ ਉਹ ਜਿਵੇਂ ਰੱਬ ਤੋਂ ਵੀ ਬੜੇ ਨੇ।

ਮੰਜ਼ਿਲ ਤਾਂ ਨਹੀਂ ਦੂਰ, ਪਰ ਇਹ ਮਸਜਿਦਾਂ ਮੰਦਿਰ
ਭਟਕਾਣ ਲਈ ਤੇਰਿਆਂ ਰਾਹਾਂ 'ਚ ਖੜੇ ਨੇ।

ਭਾਗਾਂ ਤੋਂ ਬਿਨਾਂ ਮਿਲਦੇ ਨਹੀਂ ਜਾਨ ਦੇ ਦੁਸ਼ਮਣ
ਇਸ ਦਿਲ ਦੇ ਖ਼ਰੀਦਾਰ ਤਾਂ ਪਗ ਪਗ ਤੇ ਖੜੇ ਨੇ।

ਤਕਦੀਰ ਦੇ ਚੱਕਰ ਤੋਂ ਉਹ ਆਜ਼ਾਦ ਨੇ ਰਹਿੰਦੇ
ਜੋ ਲੋਕ ਤੇਰੀ ਜ਼ੁਲਫ਼ ਦੀ ਫਾਹੀ ਨੇ ਫੜੇ ਨੇ।

ਤੂਫ਼ਾਨ 'ਚ ਕੁੱਦਣ ਦੇ ਜੋ ਉਪਦਸ਼ ਨੇ ਦਿੰਦੇ
ਪੁੱਛੇ ਕੋਈ, ਕਿਉਂ ਆਪ ਉਹ ਕੰਢੇ ਤੇ ਖੜੇ ਨੇ।

ਕੰਮ ਆਏ ਜੋ ਔਕੜ 'ਚ, ਓਹੀ ਯਾਰ ਏ 'ਚਾਨਣ'
ਦੁਨੀਆਂ 'ਚ ਭਲੇ ਵਕਤ ਦੇ ਸਾਥੀ ਤਾਂ ਬੜੇ ਨੇ।

× × ×

ਤਿਹੱਤਰ/ਸ੍ਰੀ ਮਹਿੰਦਰ ਦੀਵਾਨਾ [ਸਵਰਗੀ] ਫੀਰੋਜ਼ਪੁਰ

ਸਦਾ ਅਮਰ ਰਹਿੰਦੇ ਨੇ ਮੋਇਆ ਨਹੀਂ ਕਰਦੇ
ਸ਼ਹੀਦਾਂ ਦੀ ਅਰਥੀ ਤੇ ਰੋਇਆ ਨਹੀਂ ਕਰਦੇ

ਮਿਰਾ ਕਫ਼ਨ ਮੂੰਹ ਤੋਂ ਜ਼ਰਾ ਪਾੜ ਦੇਉ
ਜਵਾਂ ਮਰਦ ਮੂੰਹ ਨੂੰ ਲਕੋਇਆ ਨਹੀਂ ਕਰਦੇ

ਜਨਾਜ਼ੇ ਤੇ ਆਏ ਰਕੀਬਾਂ ਨੂੰ ਲੈ ਕੇ
ਇਹ ਨਸ਼ਤਰ ਤਾਂ ਹਰਦਮ ਚਭੋਇਆ ਨਹੀਂ ਕਰਦੇ

ਜੀਹਦੀ ਨਾ ਖੁਦਾਈ ਖ਼ੁਦਾ ਸਾਂਭ ਲੈਂਦਾ
ਸਮੁੰਦਰ ਉਹ ਕਸ਼ਤੀ ਡਬੋਇਆ ਨਹੀਂ ਕਰਦੇ

ਫਰੋਲੇ ਨਾ ਗੁੱਥੀ ਕੋਈ ਆਰਫਾਂ ਦੀ
ਉਹ ਕਰਦੇ ਭੀ ਹੁੰਦੇ ਨੇ ਗੋਇਆ ਨਹੀਂ ਕਰਦੇ

ਓਭੜ ਜਿਹੀ ਥਾਂ ਤੇ ਮੈਨੂੰ ਦਫ਼ਨ ਕਰਨਾ
ਦੀਵਾਨੇ ਕਦੀ ਨਸ਼ਰ ਹੋਇਆ ਨਈਂ ਕਰਦੇ

× × ×

ਚੁਹੱਤਰ/ਸ਼ਿਵ ਕੁਮਾਰ ਸ਼ਰਮਾ

ਝੌਲੀ ਝੌਲੀ ਹੈ ਚਿਹਰਿਆਂ ਦੀ ਲੋ
ਬੱਝੀ ਸੂਰਜ ਦੀ ਦੋਸਤੋ ਕਤਰੋ ।

ਸਾਡੇ ਵਿਹੜੇ ਕਦੀ ਨਹੀਂ ਆਈ
ਹੋਰ ਹੀ ਕਿਧਰੇ ਸ਼ਾਨਤੀ ਭਾਲੋ ।

ਮੇਰਾ ਧੂੰਏਂ 'ਚ ਦਮ ਨਿਕਲਦਾ ਹੈ
ਬਾਹਰੋਂ ਬੂਹੇ ਦੀ ਚਿਟਕਨੀ ਖੋਲੋ ।

ਰਾਤ ਬੀਤੀ ਹੈ ਜਾਂ ਨਹੀਂ ਬੀਤੀ
ਮੈਂ ਵੀ ਤਾਰਾ ਹਾਂ ਦੇਖ ਕੇ ਦੱਸੋ ।

ਅਜ ਦੇ ਆਦਮ ਦਾ ਦਿਲ ਗੁਅਚਾ ਹੈ
ਦੋਨ੍ਹਾਂ ਅਖੀਆਂ ਨੂੰ ਮੀਟ ਕੇ ਲਭੋ ।

ਇਕ ਚਿਣਗ ਤੋਂ ਵੀ ਅਗਨ ਬਲਦੀ ਹੈ
ਦਿਲ ਦੀ ਧੂਣੀ ਤਾਂ ਫੋਲ ਕੇ ਦੇਖੋ ।

ਮੇਰੇ ਸੀਨੇ ਦਾ ਮੋਮ ਢਲਦਾ ਹੈ
ਕਿਸ ਦੇ ਨੈਣਾਂ ਦੀ ਆ ਰਹੀ ਹੈ ਲੋ ।

ਸੜ ਰਿਹਾ ਹਾਂ ਹਨੇਰਿਆਂ ਅੰਦਰ
ਮੈਨੂੰ ਖਤਰੇ ਦਾ ਚਾਨਣਾ ਸਮਝੋ ।

× × ×

ਪੰਜੱਤਰ/ਅਜਾਇਬ ਸਿੰਘ ਹੁੰਦਲ

ਜਦ ਵੀ ਮੈਨੂੰ ਆਪਣੀ ਕੀਤੀ ਗਲਤੀ ਦਾ ਹੋਇਆ ਇਹਸਾਸ।
ਮੇਰੇ ਤਨ ਤੋਂ ਖੁਸ਼ਫਹਿਮੀ ਦਾ ਛਿਣ ਭਰ ਵਿਚ ਲਹਿ ਗਿਆ ਲਿਬਾਸ।

ਜਦ ਵੀ ਪਾਉਡਰ ਦਾ ਲੇਅ ਲਾਵਾਂ ਖੱਖਰ ਵਰਗੇ ਚਿਹਰੇ ਤੇ,
ਪਹਿਲਾਂ ਤੋਂ ਵੀ ਨੰਗੇ ਹੋਕੇ ਧਰਤੀ ਉੱਪਰ ਫਿਰਨ ਸਵਾਸ।

ਕਲ੍ਹ ਸੀ ਜਿਹੜੇ ਸ਼ਬਦ ਚੁਣੇ ਮੈਂ ਬਚਪਨ ਨੂੰ ਵਰਚਾਉਣ ਲਈ,
ਅਜ ਮੈਨੂੰ ਉਨ੍ਹਾਂ ਸ਼ਬਦਾਂ ਦੇ ਅਰਥ ਨਹੀਂ ਦਿੰਦੇ ਧਰਵਾਸ।

ਜਿਨ੍ਹਾਂ ਰੁੱਖਾਂ ਦੇ ਸੀਨੇ ਵਿਚ ਗ਼ਮ ਦਾ ਖ਼ੰਜਰ ਲਹਿ ਜਾਵੇ,
ਯਾਰੋ! ਉਨ੍ਹਾਂ ਰੁੱਖਾਂ ਦੇ ਤਾਂ ਪਰਛਾਵੇਂ ਵੀ ਰਹਿਣ ਉਦਾਸ।

ਕੁਝ ਪਰਛਾਵੇਂ ਐਸੇ ਯਾਰੋ, ਜਿ ਜੋ ਕੇਵਲ ਲਿਖਦੇ ਨੇ,
ਕੁਝ ਪਰਛਾਵੇਂ ਐਸੇ ਯਾਰੋ, ਕਿ ਜੋ ਬਣਦੇ ਨੇ ਇਤਿਹਾਸ।

ਪੜ੍ਹਦਾ, ਲਿਖਦਾ, ਸੁਣਦਾ, ਵਿਹੰਦਾ ਜੋ ਵੀ ਅਨੁਭਵ ਕਰਦਾ ਹੈ,
ਵਿਅਕਤੀ ਦੀ ਅਭਿਵਿਅਕਤੀ ਰਾਹੀਂ ਉਸਦਾ ਹੁੰਦਾ ਰਹੇ ਨਿਕਾਸ।

ਮੰਨਿਆਂ ਅਜੇ ਅਬੂਰ ਨਹੀਂ ਮੈਂ ਹਾਸਲ ਕੀਤਾ ਸੁੰਦਰਮ ਤੇ
ਔਪਰ ਯਾਰ! ਸ਼ਿਵਮ ਪੱਖੋਂ ਤਾਂ ਸਤਿੱਅਮ ਹੈ ਮੇਰਾ ਅਭਿਆਸ।

+ + +

ਛਿਅਤਰ/ਜਸਵੰਤ ਕੈਲਵੀ

ਠਰ ਗਏ ਖ਼ੂਨ ਨੂੰ ਗਰਮਾਨ ਦੀ ਹੁਣ ਲੋੜ ਹੈ ।
ਗੱਲ ਇਹ ਹਰ ਇੱਕ ਨੂੰ, ਸਮਝਾਣ ਦੀ ਹੁਣ ਲੋੜ ਹੈ।

ਹੁਸਨ ਦੀ ਤੇ ਇਸ਼ਕ ਦੀ ਗਲ ਹੁਣ ਪੁਰਾਣੀ ਹੋ ਗਈ,
ਨਵੇਂ ਸਮੇਂ ਵਿਚ ਬਾਂਤ ਤਾਜ਼ੀ ਪਾਣ ਦੀ ਹੁਣ ਲੋੜ ਹੈ।

ਬਾਗ ਦੇ ਹਰ ਫੁੱਲ ਨੂੰ ਹੈ ਪਤਝੜਾਂ ਨੇ ਡੰਗਿਆ,
ਇਹਨਾਂ ਡੰਗਾਂ ਵਾਲੇ ਦਾਗ ਮਿਟਾਣ ਦੀ ਹੁਣ ਲੋੜ ਹੈ ।

ਰੁੱਤ ਸਿਰ ਬੀਜਣ ਦੀ ਆਵੇ ਰੋਜ਼ ਕਿੱਥੇ ਦੋਸਤੋ,
ਮੌਤ ਦੀ ਲਾੜੀ ਨੂੰ ਹਾਂ, ਪਰਨਾਣ ਦੀ ਲੋੜ ਹੈ ।

ਆਤਮਾ ਤੋਂ ਲਾਹ ਦਿਓ ਮਾਯੂਸੀਆਂ ਦੇ ਜੰਗ ਨੂੰ,
ਸਿਦਕ ਦੀ ਇਸ ਧਾਰ ਨੂੰ, ਲਿਸ਼ਕਾਣ ਦੀ ਹੁਣ ਲੋੜ ਹੈ।

ਮਸਤੀਆਂ ਦੀ ਗੋਦ ਵਿਚ ਤੂੰ ਸੌਂ ਲਿਆ ਏ ਬਹੁਤ ਚਿਰ
ਮਸਤੀਆਂ 'ਚੋਂ ਹੋਸ਼ ਦੇ ਵਿਚ ਆਣ ਦੀ ਹੁਣ ਲੋੜ ਹੈ ।

ਜ਼ਿੰਦਗੀ ਇਹ ਨਾ ਭਟਕ ਜਾਏ ਨਾ ਖਾਏ ਠੋਕਰਾਂ
ਦਿਲ ਦੇ ਦੀਪਕ,'ਕੈਲਵੀ' ਰੁਸ਼ਨਾਣ ਦੀ ਹੁਣ ਲੋੜ ਹੈ।

+ + +

ਸਤੱਤਰ/ਕੁਲਦੀਪ ਸਿੰਘ ਪੁਰੇਵਾਲ

ਆਓ ਹੁਣ ਛੇੜ ਦੇਈਏ, ਸੰਗਰਾਮ ਜ਼ਿੰਦਗੀ ਦਾ।
ਜ਼ੱਰੇ ਜ਼ੱਰੇ 'ਤੇ ਹੋ ਜਾਏ, ਇਲਹਾਮ ਜ਼ਿੰਦਗੀ ਦਾ।

ਹੱਕਾਂ ਲਈ ਜੋ ਭੀ ਲੜਦਾ, ਬਾਗੀ ਨੇ ਉਸਨੂੰ ਕਹਿੰਦੇ,
ਸੱਚੇ ਨੂੰ, ਏਹੋ ਮਿਲਦੈ, ਇਨਾਮ ਜ਼ਿੰਦਗੀ ਦਾ।

ਤਲੀ 'ਤੇ ਸੀਸ ਰੱਖ ਕੇ, ਯਾਰ ਦੀ ਗਲੀ ਜਾਈਏ,
ਉਥੋਂ ਹੀ ਯਾਰੋ ਮਿਲਦੈ, ਜਾਮ ਜ਼ਿੰਦਗੀ ਦਾ।

'ਹਿੰਮਤ' ਦਾ ਝੰਡਾ ਚੁੱਕ ਕੇ, ਅੱਗੇ ਹੀ ਅੱਗੇ ਵਧੀਏ,
ਨਹੀਂ ਤਾਂ ਜਨਾਜ਼ਾ ਨਿਕਲੂ, ਨਾਕਾਮ ਜ਼ਿੰਦਗੀ ਦਾ।

ਸਮੇਂ ਦੀ ਮਮਟੀ ਉਤੇ, ਸਾਹਸ ਦਾ ਦੀਪ ਧਰੀਏ,
ਹਵਾ 'ਚ ਭੇਜ ਦੇਈਏ, ਪੈਗਾਮ ਜ਼ਿੰਦਗੀ ਦਾ।

+ + +

ਅਠੱਤਰ/ਦਰਸ਼ਨ 'ਖਟਕੜ'

ਆਪਾ ਮਿਟਾ ਕੇ ਸ਼ਾਇਦ ਕੁਝ ਤਾਂ ਉਸਾਰ ਸਕਦਾਂ ।
ਸੂਲੀ ਦਾ ਦਰਦ ਆਪਣੀ ਜਿੰਦ ਤੇ ਸਹਾਰ ਸਕਦਾਂ ।

ਤੂਫਾਨ ਕੋਲੋਂ ਡਰ ਕੇ ਹਰ ਬੇੜੀ ਕੰਢੀਂ ਪਰਤੀ,
ਦਾਅਵਾ ਹੈ ਵਿੱਚ ਤੂਫਾਨਾਂ ਇਸ ਨੂੰ ਮੈਂ ਤਾਰ ਸਕਦਾ ।

ਢਾਹੁਣੇ ਲਈ ਖੱਦਾ ਢਾਂਚਾ ਹਿੱਸਾ ਹੋ ਮੇਰਾ ਪੁਛਦੇ,
ਮੈਂ ਮਾਰ ਬਿਜਲੀਆਂ ਦੀ ਇਸ ਨੂੰ ਵੀ ਮਾਰ ਸਕਦਾਂ ।

ਮੇਰੇ ਇਸ਼ਕ ਦੀ ਮੰਡੀ ਦੇ ਮੁੱਲ ਉੱਚੇ ਹੋਏ,
ਮੁੱਲ ਦੋਸਤੀ ਦਾ ਆਪਣੇ ਸਿਰ ਨਾਲ ਤਾਰ ਸਕਦਾਂ ।

ਹਰ ਨਵੇਂ ਕਦਮ ਤਾਂਈ ਬੰਧਨ ਜੋ ਪਿਛੇ ਖਿੱਚਣ,
ਹਰ ਲੀਕ ਨੂੰ ਮੈਂ ਸਾਹਵੇਂ ਸੱਭ ਦੇ ਵੰਗਾਰ ਸਕਦਾਂ ।

ਭਰੇ ਧੂੜ ਨਾਲ ਚਿਹਰੇ ਧੋ ਦੇਣ ਦੇ ਲਈ ਹੁਣ,
ਮੈਂ ਸਾਗਰਾਂ ਦੀ ਹਿੱਕ 'ਚੋਂ ਲਹਿਰਾਂ ਉਭਾਰ ਸਕਦਾਂ ।

ਸਾਗਰ ਦੀ ਹਿੱਕ 'ਚੋਂ ਨਿਕਲਿਆ ਅੰਮ੍ਰਿਤ ਪਚੇ ਨਾ ਮੈਨੂੰ
ਫੈਲੇ ਨਾ ਧਰਤ ਉਪਰ ਵਿਸ਼ ਨੂੰ ਡਕਾਰ ਸਕਦਾਂ ।

× × ×

ਉਨਾਸੀ/ਜਰਨੈਲ ਸਿੰਘ ਨਿਰਮਲ

ਨਤਾਣੇਂ ਨੂੰ ਹਰਦਮ ਸਤਾਂਦੀ ਏ ਦੁਨੀਆਂ
ਇਹ ਜਖਮਾਂ ਦੇ ਨਸ਼ਤਰ ਚਲਾਂਦੀ ਏ ਦੁਨੀਆਂ

ਇਹ ਦੁਨੀਆਂ ਜੇ ਰੋਂਦੀ ਮਨੁੱਖਤਾ ਨੂੰ ਤੱਕੇ
ਤਾਂ ਉਸ ਦਾ ਭੀ ਹਾਸਾ ਉਡਾਂਦੀ ਏ ਦੁਨੀਆਂ

ਇਸ ਦੁਨੀਆਂ ਦੀ ਮੰਡੀ ਚਿ ਵਿਕਦੀ ਏ ਅਸਮਤ
ਹਯਾ ਦੀ ਨੀਲਾਮੀ ਕਰਾਂਦੀ ਏ ਦੁਨੀਆਂ

ਇਹ ਰੱਥ ਨੇ ਰਾਖਸ਼ਾਂ ਵਾਂਗ ਸਾਰੇ
ਮਗਰ ਦੇਵਤਾ ਇਹ ਅਖਾਂਦੀ ਏ ਦੁਨੀਆਂ

ਜੋ ਭੀ ਏਸ ਦੁਨੀਆਂ ਨੂੰ ਠੁਕਰਾਏ ਨਿਰਮਲ
ਇਹ ਪਲਕਾਂ ਤੇ ਉਸਨੂੰ ਬਠਾਂਦੀ ਏ ਦੁਨੀਆਂ

+ + +

ਅੱਸੀ/ਬਲਬੀਰ ਸੈਣੀ

ਜ਼ਿੰਦਗੀ ਕੀ ਹੈ ? ਗੁਨਾਹ ਹੈ ਦੋਸਤੋ ।
ਹਸਰਤਾਂ ਦੀ ਕਤਲਗਾਹ ਹੈ ਦੋਸਤੋ ।

ਆਦਮੀਅਤ ਨਾਲ ਮੈਂ ਕੀਤੈ ਪਿਆਰ,
ਬਸ ਮਿਰਾ ਏਹੋ ਗੁਨਾਹ ਹੈ ਦੋਸਤੋ ।

ਅਜ਼ਲ ਤੋਂ ਹੀ ਜੇਬ ਹੈ ਖਾਲੀ ਮਿਰੀ,
ਦਿਲ ਮੇਰਾ ਪਰ ਬਾਦਸ਼ਾਹ ਹੈ ਦੋਸਤੋ ।

ਮੈਂ ਕਿਸੇ ਦਾ ਵੀ ਨਹੀਂ ਦਿਲ ਤੋੜਿਆ,
ਮੇਰਾ ਟੁੱਟਿਆ ਦਿਲ ਗੁਆਹ ਹੈ ਦੋਸਤੋ ।

ਮਰਨ ਤਕ ਜੋ ਯਾਰ ਨੂੰ ਲਭਦੀ ਰਹੀ,
ਉਹ ਮਿਰੀ ਪਾਗਲ ਨਿਗਾਹ ਹੈ ਦੋਸਤੋ ।

ਸਿਰ ਫਿਰੇ ਬਾਲਣਗੇ ਦੀਵੇ ਏਸ ਤੇ,
ਇਸ਼ਕ ਦੀ ਇਹ ਖਾਨਗਾਹ ਹੈ ਦੋਸਤੋ ।

ਜਨਮ ਤੋਂ 'ਸੈਣੀ' ਨਹੀਂ ਏਦਾਂ ਦਾ ਸੀ,
ਪਿਆਰ ਨੇ ਕੀਤੈ, ਤਬਾਹ ਹੈ ਦੋਸਤੋ ।

× × ×

ਇਕਾਸੀ/ਬਲਕਰਨ ਦੀਪਕ

ਸੁਣਾਵਾਂ ਕਿਸ ਤਰਾਂ ਕਿਸ ਨੂੰ ਸੁਣਾਈ ਜਾ ਨਹੀਂ ਸਕਦੀ
ਜੋ ਮੇਰੇ ਨਾਲ ਬੀਤੀ ਹੈ, ਭੁਲਾਈ ਜਾ ਨਹੀਂ ਸਕਦੀ

ਅਸੀਂ ਐ ਸ਼ੇਖ! ਤੇਰਾ ਅੱਜ ਤਕ ਸਤਿਕਾਰ ਕੀਤਾ ਹੈ
ਤੇਰੇ ਦਿਲ ਚੋਂ ਮਗਰ ਮੀਆਂ, ਬੁਰਾਈ ਜਾ ਨਹੀਂ ਸਕਦੀ

ਨਜ਼ਰ, ਕਿੱਦਾਂ ਮਿਲਾਵੇ ਉਹ, ਜੋ ਦਿਲ ਵਿੱਚ ਖੋਟ ਰਖਦਾ ਹੈ
ਨਜ਼ਰ, ਖੋਟੇ ਤੋਂ ਖ਼ਰਿਆਂ ਥੀਂ, ਮਿਲਾਈ ਜਾ ਨਹੀਂ ਸਕਦੀ।

ਮੈਂ ਮੰਨਦਾ ਹਾਂ ਕਿ ਇੱਜ਼ਤ ਵਾਸਤੇ ਪੈਸਾ ਜ਼ਰੂਰੀ ਹੈ
ਮਗਰ ਪੈਸੇ ਲਈ ਇਜ਼ਤ ਲੁਟਾਈ ਜਾ ਨਹੀਂ ਸਕਦੀ।

ਜਦੋਂ ਤੀਕਰ ਰਹੂ ਜੀਂਦਾ, ਸੁਚੱਜਾ ਬਾਗ਼ ਦਾ ਮਾਲੀ
ਕਦਰ ਇਸ ਬਾਗ ਦੀ ਹਰਗ਼ਿਜ ਘਟਾਈ ਜਾ ਨਹੀਂ ਸਕਦੀ

ਤੇਰੀ ਤਸਵੀਰ ਦਿਲ ਤੇ ਇਸ ਤਰਾਂ ਮੈਂ ਉਕਰ ਬੈਠਾ ਹਾਂ
ਤੇਰੀ ਤਸਵੀਰ ਦਿਲ ਵਿੱਚੋਂ ਮਿਟਾਈ ਜਾ ਨਹੀਂ ਸਕਦੀ

ਜਦੋਂ ਮਹਿਫਿਲ 'ਚ, ਸਾਕੀ ਜ਼ਾਮ ਵਰਤਾਉਂਦਾ ਹੈ ਰਿੰਦਾਂ ਨੂੰ
ਜੇ ਉਹ ਗੜਬੜ ਕਰੇ, 'ਕੀਤੀ, ਸਮਾਈ ਜਾ ਨਹੀਂ ਸਕਦੀ

ਸਚਾਈ ਦੀ ਮਹਿਕ, ਦੀਪਕ ਖਿੰਡਾਈ ਜਾ ਤਾਂ ਸਕਦੀ ਹੈ
ਸਚਾਈ ਦੀ ਮਹਿਕ, ਐਪਰ ਦਬਾਈ ਜਾ ਨਹੀਂ ਸਕਦੀ।

× × ×

ਬਿਆਸੀ/ਗੁਰਬਚਨ ਪਤੰਗਾ

ਨੇਰਿਆਂ ਦੀ ਕੁੱਖ ਚੋਂ ਚਾਨਣ ਉਗਾਉ'ਦਾ ਆ ਰਿਹਾਂ।
ਆਸ ਦਾ ਦੀਪਕ ਦਿਲਾਂ ਅੰਦਰ ਜਗਾਉਂਦਾ ਆ ਰਿਹਾਂ।

ਦਸਤਾਂ ਦੀ ਦੋਸਤੀ ਤੋਂ ਮੈਂ ਸਭੋ ਕੁਝ ਵਾਰ ਕੇ,
ਦੋਸਤੀ ਦੀ ਗੰਢ ਨੂੰ ਪੀੜਾ ਬਨਾਉਂਦਾ ਆ ਰਿਹਾਂ।

ਨਿਕਲਦੀ ਅਰਥੀ ਚਲਣ ਦੀ ਵੇਖ ਕੇ ਮੈਂ ਹਰ ਜਗਾਹ,
ਸਭਿੱਅਤਾ ਦੇ ਹਾਲ ਤੇ ਹੰਝੂ ਵਗਾਉਂਦਾ ਆ ਰਿਹਾਂ।

ਨੀਂਦ ਦੇ ਵਿਚ ਮਸਤ ਹੋਇਆਂ ਨੂੰ ਜਗਾਵਨ ਵਾਸਤੇ
ਪਹੁ-ਫੁਟਾਲੇ ਦੇ ਰਸੀਲੇ ਗੀਤ ਗਾਉਂਦਾ ਆ ਰਿਹਾਂ।

ਸਾੜ ਕੇ ਖੁਦ ਨੂੰ ਸ਼ਮਾਂ ਉੱਤੇ "ਪਤੰਗੇ" ਆਖਿਆ,
ਬੁਜ਼ਦਿਲਾਂ ਨੂੰ ਜ਼ਿੰਦਗੀ ਦਾ ਰਾਹ ਵਖਾਉਂਦਾ ਆ ਰਿਹਾਂ।

× × ×

ਤਿਰਾਸੀ/ਅਮਰਜੀਤ ਸੰਧੂ

ਗ਼ਮ ਦਾ ਪਾਣੀ ਜਿਸ ਦਿਲ ਦੇ ਵੀ ਕੰਢੀਂ ਖਹਿੰਦਾ ਹੈ।
ਉਹ ਦਿਲ ਕਿੰਨਾ ਪੱਕਾ ਹੋਵੇ, ਆਖ਼ਰ ਇਕ ਦਿਨ ਢਹਿੰਦਾ ਹੈ।

ਜਿਸ ਵੀ ਬੰਦੇ ਦੇ ਦਿਲ ਅੰਦਰ, ਸਜਣਾਂ ਦਾ ਗ਼ਮ ਰਹਿੰਦਾ ਹੈ।
ਉਸਦਾ ਹਰ ਸਾਹ ਹੌਕੇ ਲੈ ਕੇ ਰੋਂਦਾ, ਉਠਦਾ ਬਹਿੰਦਾ ਹੈ।

ਲੋਕਾਂ ਨੂੰ ਯਾਰਾਂ ਦੇ ਕਿੰਨੇ ਦੋਸ਼ ਲੁਕਾਉਣੇ ਆਉਂਦੇ ਨੇ,
ਯਾਰ ਮਿਰਾ ਪਰ ਬਿਨਾਂ ਕਸੂਰੋਂ, ਮੈਨੂੰ ਦੋਸ਼ੀ ਕਹਿੰਦਾ ਹੈ।

ਪੀ ਕੇ ਤਾਂ ਮੈਂ ਸੂਫੀ ਤੋਂ ਵੀ, ਸੰਭਲ ਸੰਭਲ ਕੇ ਤੁਰਦਾ ਹਾਂ,
ਨਾ ਜਾਣੇ ਕਿ ਸ਼ੈਖ 'ਬੇਨੀਤਾ' ਜਾਣ ਜਾਣ ਕਿਉਂ ਖਹਿੰਦਾ ਹੈ।

ਉਸ ਮਗਰੂਰ ਹੁਸੀਨਾ ਨੂੰ ਮੈਂ ਛੇੜਕਲਾ ਖਤ ਇਉਂ ਲਿਖਿਐ
'ਕਿ ਸੂਰਜ ਸਿਖਰਾਂ ਤੇ ਚੜ੍ਹਕੇ, ਛਿੱਥਾ ਹੋ ਕੇ ਲਹਿੰਦਾ ਹੈ।

ਅੱਖਾਂ ਮਿਲਦੇ ਸਾਰ ਜਿਗਰਾਂ 'ਚੋਂ ਸੜ ਜਾਂਦਾ ਏ ਸਾਰਾ ਖ਼ੂਨ,
ਜਿਹੜਾ ਰਹਿ ਜਾਵੇ ਉਹ ਯਾਰੋ, ਅੱਖਾਂ ਥਾਣੀ ਵਹਿੰਦਾ ਹੈ।

ਮਤਲਬ ਦੀ ਦੁਨੀਆਂ ਹੈ ਸਾਰੀ, ਮਤਲਬ ਸਭ ਨੂੰ ਮਿੱਠਾ ਏ,
ਮਤਲਬ ਹੋਵੇ ਤਾਂ ਹਰ ਕੋਈ, ਲਾਗੇ ਹੋ ਹੋ ਬਹਿੰਦਾ ਹੈ।

'ਸੰਧੂ' ਦੀ ਤਾਰੀਫ ਨਾ ਪੁੱਛੋ, ਅੱਕ ਜਿਹਾ ਉਹ ਕੌੜਾ ਏ,
ਕੌੜੀ ਸੱਚੀ ਸਹਿੰਦਾ ਹੈ ਤੇ ਕੌੜੀ ਸੱਚੀ ਕਹਿੰਦਾ ਹੈ।

× × ×

ਚੁਰਾਸੀ ਖੁਸ਼ਵੰਤ ਕੰਵਲ

ਜ਼ਖਮੀ ਚਿਹਰੇ ਘਾਇਲ ਹਾਸੇ ਨਗਰ ਨਗਰ ।
ਨਿਰਧਨ ਆਸਾਂ ਹੋਂਠ ਪਿਆਸੇ ਨਗਰ ਨਗਰ ।

ਸੁੰਞ ਮਹਿਫਲਾਂ ਫਿੱਟਿਆਂ ਰੰਗਾਂ ਦੇ ਘੇਰੇ,
ਸੜੀਆਂ ਛਾਵਾਂ ਰੁੱਖ ਉਦਾਸੇ ਨਗਰ ਨਗਰ ।

ਖੰਡਰ, ਖੋਲੇ, ਕਬਰਾਂ, ਪੱਤਝੜ; ਵੀਰਾਨੀ,
ਏਧਰ ਓਧਰ ਆਸੇ ਪਾਸੇ ਨਗਰ ਨਗਰ ।

ਡੂੰਘੀਆਂ ਸ਼ਾਮਾਂ ਕਾਲਖ ਕਾਲਖ਼ ਤੇ ਭਟਕਣ,
ਨ੍ਹੇਰੀ ਧਰਤੀ ਧੁੰਧ ਅਕਾਸ਼ੇ ਨਗਰ ਨਗਰ ।

ਛਿੱਕੀਆਂ ਗੱਲਾਂ ਝੂਠੀਆਂ ਪ੍ਰੀਤਾਂ ਦੇ ਲਾਰੇ,
ਕਚ ਸਹਾਰੇ ਕੂੜ ਦਿਲਾਸੇ ਨਗਰ ਨਗਰ ।

ਤੰਗ-ਦਸਤੀਆ, ਊਰਾਂ, ਝੋਰੇ, ਬੇ-ਚੈਨੀ,
ਸੱਖਣੇ ਵਿਹੜੇ ਨੈਣ ਨਿਰਾਸੇ ਨਗਰ ਨਗਰ ।

ਰਾਤ ਡਰੌਣੀ ਕਬਰ ਦੇ ਦੀਵਾ ਬਲੇ ਪਿਆ,
ਬੁਝਦੀ ਬੁਝਦੀ ਹੋਂਦ ਦੇ ਵਾਸੇ ਨਗਰ ਨਗਰ ।

× × ×

ਪੰਜਾਸੀ/ਵਰਿਆਮ ਅਸਰ

ਆਪ ਸਿਰਾਂ ਤੇ ਆਪਣੇ ਅਸਾਂ ਚੜ੍ਹਾਏ ਜਾਨਵਰ ।
ਸਾਨੂੰ ਹੀ ਮਾਰਨ ਨੂੰ ਇਹ ਜੇ ਆਏ ਜਾਨਵਰ ।

ਅੱਗੇ ਕਿੱਲਿਆਂ ਉਤੇ ਬੱਝੇ ਹੀ ਖਾਂਦੇ ਸਨ,
ਹੁਣ ਦੂਜੇ ਦੀ ਖ਼ੁਰਲੀ ਵੀ ਖਾ ਜਾਏ ਜਾਨਵਰ ।

ਕੰਧ ਦੇ ਉਹਲੇ ਲੁਟ ਲਿਆ ਘੁੱਘਰੂ ਖੜਕਾ ਕੇ
ਪਤਾ ਨਹੀਂ ਸੀ ਇੰਜ ਧੋਖਾ ਦੇ ਜਾਏ ਜਾਨਵਰ ।

ਬਿੱਲੀ ਵੀ ਬੈਠੀ ਹੈ ਸ਼ਹਿ ਲਾ, ਸੱਪ ਵੀ
ਕੁੱਤੇ ਵਾਂਗਰ ਫਿਰ ਵੀ ਪੂਛ ਹਿਲਾਏ ਜਾਨਵਰ ।

ਹਾਥੀ ਵਰਗੀ ਅੱਖ ਹੈ, ਸਿਰ ਲੂੰਬੜ ਦਾ
ਬੰਦੇ ਦੇ ਹੱਡਾਂ ਦਾ ਢੋਲ ਵਜਾਏ ਜਾਨਵਰ ।

ਪੱਥਰ ਪਾਣੀ ਤੇ ਤਰਦੇ ਨੇ, ਫੁੱਲ ਡੁਬਦੇ ਨੇ,
ਇਹ ਕੀ ਕੁਰਸੀਆਂ ਉਤੇ ਚੁਕ ਬਿਠਾਏ ਜਾਨਵਰ !

ਲਾਲ ਕਿਲੇ ਦੇ ਮੇਲੇ ਜਾਂ ਮਤ-ਉਤਸਵ ਤੇ
ਇਕੋ ਰੰਗ ਦੀ ਹਰ ਕੋਈ ਬੀਨ ਵਜਾਏ ਜਾਨਵਰ ।

× × ×

ਛਿਆਸੀ/ਦੇਵਿੰਦਰ ਜੋਸ਼

ਜਦ ਮੈਂ ਆਪਣੇ ਦਿਲ ਦੀ ਪੁਸਤਕ ਤਾਂਈ ਪੜ੍ਹਨਾ ਚਾਹਿਆ
ਸਭ ਕਾਂਡਾਂ ਚੋਂ ਮਾਰੂਥਲ ਦਾ ਨਕਸ਼ਾ ਨਜ਼ਰੀ ਆਇਆ

ਰਾਤੀਂ ਜਿਸ ਬਸਤੀ ਦੇ ਉਤੇ ਵਰ੍ਹ ਗਏ ਜੰਗ ਦੇ ਬਦਲ
ਦਿਨ ਚੜ੍ਹਦੇ ਉਸ ਬਸਤੀ ਅੰਦਰ ਉਲੂਆਂ ਡੇਰਾ ਲਾਇਆ

ਖਿੜਦੇ ਫੁਲਾਂ, ਹਸਦੇ ਬਚਿਆਂ ਦੀ ਸੰਗਤ ਚੋਂ ਯਾਰੋ
ਹਾਸੇ ਦੁਨੀਆਂ ਤੇ ਮਹਿਕਾਂ ਦਾ ਮੈਂ ਲਭਿਆ ਸਰਮਾਇਆ ।

ਅਮਨ ਮਨੁਖਤਾ ਦੇ ਵਿਦਰੋਹ ਦੀ ਜਦ ਮੈਂ ਕੀਮਤ ਸਮਝੀਂ,
ਸਿਗਰਟ, ਔਰਤ, ਵਿਸਕੀ ਉਤੇ ਲਿਖਣਾ ਫੇਰ ਨਾ ਭਾਇਆ

ਜਦ ਮੈਂ ਆਪਣਾ ਕੋਟ ਲਾਹ ਕੇ ਕਿੱਲੀ ਉਤੇ ਟੰਗਿਆ ।
ਪਾਟੀ ਹੋਈ ਕਮੀਜ ਚੋਂ ਘਰ ਦਾ ਨਕਸ਼ਾ ਨਜ਼ਰੀਂ ਆਇਆ

ਜਦ ਵੀ ਪੈਰੋਂ ਕਾਹਣੇ ਬਚੇ ਪੜ੍ਹਨ ਸਕੂਲੇ ਆਉਂਦੇ
ਦਿਲ ਦੇ ਅੰਦਰ ਬਲ ਉਠਦਾ ਹੈ ਭਾਂਬੜ ਦੂਣ ਸਵਾਇਆ

ਇਕ ਕਮਰੇ ਵਿਚ ਕਟ ਸਕਦੇ ਹਾਂ ਆਪਾਂ ਸਾਰਾ ਜੀਵਨ
ਜਰ ਨਹੀਂ ਸਕਦੇ ਜਦ ਤਕਦੇ ਹਾਂ ਮਹਿਲ ਕਿਸੇ ਬਣਵਾਇਆ

ਜਦੋਂ ਰਾਤ ਨੂੰ ਸਾਇਰਨ ਵਜੇ ਮੇਰਾ ਮੁੰਨਾ ਆਖੇ
ਡੈਡੀ ਨੁਕਰ ਦੇ ਵਿਚ ਬੈਠੋ ਫਿਰ ਕੋਈ ਹਊਆ ਆਇਆ ।

+ + +

ਸਤਾਸੀ/ਰਵਿੰਦਰ ਰਾਹੀ

ਜ਼ੁਲਮ ਆਣ ਤੋਂ ਸਹਿ ਨਹੀਂ ਹੁੰਦਾ
ਚੁਪ ਸਾਥੋਂ ਹੁਣ ਰਹਿ ਨਹੀਂ ਹੁੰਦਾ

ਉਠ ਖੜਦੇ ਜੋ ਵਾਂਗ ਤੂਫਾਨਾਂ
ਉਹਨਾਂ ਤੋਂ ਘਰ ਰਹਿ ਨਹੀਂ ਹੁੰਦਾ

ਮੰਨਿਆ ਸਫਰ ਬੜਾ ਲੰਮਾ ਹੈ
ਕਿੜਾ ਕਹਿੰਦੈ ਤਹਿ ਨਹੀਂ ਹੁੰਦਾ ?

ਝੂਠੇ ਇਨਸਾਨਾਂ ਤੋਂ ਯਾਰੋ !
ਸੱਚ ਕਦੇ ਭੀ ਕਹਿ ਨਹੀਂ ਹੁੰਦਾ

ਕਟ ਜਾਵੇ ਰਾਹੀ ਸਿਰ ਸਾਡਾ
ਝੁਕ ਜਾਵੋ ! ਇਹ ਸਹਿ ਨਹੀਂ ਹੁੰਦਾ

× × ×

ਅਠਾਸੀ/ਸਰਬਜੀਤ ਸੰਧੂ

ਧਰਤੀ ਗਾਹ ਕੇ ਹੁਣ ਅਸਮਾਨੇ ਚੜ੍ਹਦਾ ਏ।
ਬੰਦਾ ਨਿੱਤ ਨਵੇਂ ਮਨਸੂਬੇ ਘੜਦਾ ਏ।
ਤੂੰ ਪੀ ਕੇ ਜੇ ਮੇਰੀਆਂ ਅੱਖੀਆਂ ਵਿਚ ਵੇਖੇਂ,
ਮੈਨੂੰ ਬਿਨ ਪੀਤੇ ਹੀ ਦਾਰੂ ਚੜ੍ਹਦਾ ਏ।
ਆਪਣੇ ਦਿਲ ਦੀ ਸੁਣ ਕੇ ਜੇ ਕੁਝ ਕਰਦਾ ਹਾਂ,
ਮੇਰੇ 'ਤੇ ਮੇਰਾ ਹਰ ਦੋਸਤ ਸੜਦਾ ਏ।
ਨਕਲੀ ਮਜਨੂੰ ਬਹੁਤ ਨੇ ਏਥੇ ਦੁੱਧ ਪੀਣੇਂ
ਲਹੂ ਦੇਣ ਲਈ ਸੱਚਾ ਆਸ਼ਕ ਖੜ੍ਹਦਾ ਏ।
ਚਿਹਰਾ ਹੋਰ ਹੁਸੀਨ ਜਿਹਾ ਹੋ ਜਾਂਦਾ ਹੈ,
ਜਦ 'ਉਹਨਾਂ' ਨੂੰ ਡਾਢਾ ਗੁੱਸਾ ਚੜ੍ਹਦਾ ਏ।
ਹੁਣ ਤਾਂ ਆਪਣੀ ਰਾਖੀ ਕਰਨੀ ਮੁਸ਼ਕਲ ਹੈ,
ਪੂਜਣ ਯੋਗ ਹੈ, ਜੋ ਹੋਰਾਂ ਲਈ ਲੜਦਾ ਏ।
ਸਾਹਿਤਕਾਰ 'ਚ ਏਹੀ ਤਾਂ ਖ਼ਾਸੀਅਤ ਹੈ,
ਦਿਲ ਦੀ ਗੱਲ ਕਹਿੰਦਾ ਹੈ ਹੱਕ ਤੇ ਅੜਦਾ ਹੈ।
ਨੈਣਾਂ ਦਾ ਤਾਂ ਧੰਦਾ ਹੀ ਹੈ ਲੜ ਜਾਣਾ,
ਪਰ ਦਿਲ ਨੂੰ ਇਕ ਜ਼ਹਿਰ ਜਿਹਾ ਕਿਉਂ ਚੜ੍ਹਦਾ ਏ ?
ਸਾਡੇ ਘਰ ਇਕ ਸੂਰਜ ਹੈ ਬਰਫ ਜਿਹਾ
'ਸੰਧੂ' ਉਸ ਨੂੰ ਬਾਲਣ ਖਾਤਰ ਸੜਦਾ ਏ।

× × ×

ਉਨਾਨਵੇਂ/ਧਰਮਪਾਲ ਉਪਾਸ਼ਕ

ਸੱਚ ਦਾ ਸੂਰਜ ਜਦ ਵੀ ਕਿਧਰੇ ਚੜਦਾ ਹੈ।
ਜੁਲਮ ਦਾ ਬਦਲ ਉਸ ਦੇ ਅਗੇ ਅੜਦਾ ਹੈ।

ਇਕ ਕਿਰਨ ਵੀ ਬਾਗੀ ਕਿਧਰੇ ਹੋ ਜਾਵੇ।
ਸੁੱਕੇ ਪੱਤਿਆਂ ਵਾਂਗ ਹਨੇਰਾ ਝੜਦਾ ਹੈ।

ਸ਼ਰਮ ਧਰਮ ਤੇ ਪ੍ਰੇਮ ਭਾਵ ਸਭ ਮੁਕੇ ਨੇ,
ਬੰਦੇ ਨੂੰ ਤੱਕ ਬੰਦਾ ਡਾਢਾ ਸੜਦਾ ਹੈ।

ਜਿਸ ਬੰਦੇ ਤੇ ਕੋਈ ਮੁਸੀਬਤ ਬਣ ਜਾਵੇ,
ਉਸ ਬੰਦੇ ਦੀ ਬਾਂਹ ਨਾ ਕੋਈ ਫੜਦਾ ਹੈ।

ਜੀਹਦਾ ਵੀ ਦਿਲ ਫੋਲੋ ਹੰਝੂ ਹਉਕੇ ਨੇ,
ਹਰ ਇਕ ਘਰ ਨੂੰ ਸਾਂਭੀ ਬੈਠਾ ਪੜਦਾ ਹੈ।

ਜੇ ਬੰਦੇ ਦੀ ਖਾਮੀ ਦਸੇ ਬੰਦੇ ਨੂੰ,
ਉਡਣੇ ਸਪਾਂ ਵਾਂਗਰ ਉਹੀਓ ਲੜਦਾ ਹੈ।

ਮੰਦਰ, ਮਸਜਿਦ ਤਕਿਆਂ ਸਾੜ 'ਉਪਾਸ਼ਕ' ਨੇ,
ਭੇਂਟ ਚੜਾਵੇ ਗਫੇ ਜੋ ਬੁਕ ਉਹਦਾ ਭਰਦਾ ਹੈ।

ਜੀਭਾ ਰਖ ਸੰਭਾਲ ਜੇ ਇਜ਼ਤਾਂ ਚਾਹੁੰਨਾ ਏਂ
ਸਦਾ ਬੋਲ ਦਾ ਮਰਿਆ ਬੰਦਾ ਮਰਦਾ ਹੈ।

+ + +

ਨੱਬੇ/ਸਤਿਪਾਲ

ਜ਼ਿੰਦਗੀ ਦਾ ਦੀਪ ਬਲਦੈ ਬਲਣ ਦੇ।
ਜੋਤ ਖੁਸ਼-ਜੀਵਨ ਦੀ ਲਟ ਲਟ ਜਲਣ ਦੇ।

ਲਾਲੀਆਂ ਵੰਡਦੀ ਹੈ ਊਸ਼ਾ ਆਉਣ ਦੇ।
ਢਲਣ ਦੇ ਸ਼ਾਮਾਂ ਦਾ ਸੂਰਜ ਢਲਣ ਦੇ।

ਪੂੰਜੀ ਪਤੀਆ ਭੁਲ ਜਾ ਹੈਂਕੜ ਆਪਣੀਂ
ਆਪਣਾ ਆਪਾ ਕਿਰਤੀਆਂ ਵਿੱਚ ਰਲਣ ਦੇ।

ਛੱਡ ਮੌਤਾਂ ਦੇ ਵਣਜ ਓ ਸਾਮਰਾਜ!
ਜੰਗ ਦੇ ਬੱਦਲ ਸਿਰਾਂ ਤੋਂ ਟਲਣ ਦੇ

ਨਾ ਮਿਲਾ ਰੇਤੇ 'ਚ ਰੱਤ ਇਨਸਾਨ ਦੀ,
ਅਮਨ ਦੇ ਬੂਟੇ ਨੂੰ ਫੁੱਲਣ ਫਲਣ ਦੇ।

ਕਿਉਂ ਚੰਗੇਜੀ ਫਲਸਫੇ ਦਾ ਮੋਹ ਕਰੇਂ?
ਇਹ ਤ੍ਰੱਕ ਚੁਕਿਆ ਹੈ, ਇਸ ਨੂੰ ਗਲਣ ਦੇ।

ਪੌਣ ਵਿਚ ਜੇ ਮਹਿਕ ਭਰ ਸਕਦਾ ਨਹੀਂ
ਬੂ ਸੜੇ ਬਾਰੂਦ ਦੀ ਨਾਂ ਰਲਣ ਦੇ।

ਆਦਮੀ ਹੈਂ? ਆਦਮੀ ਬਣਨਾ ਵੀ ਸਿੱਖ,
ਪਿਆਰ ਮਾਨਵਤਾ ਦਾ ਮਨ ਵਿੱਚ ਪਲਣ ਦੇ।

+ + +

ਇਕਾਨਵੇਂ/ਗੁਰਦੇਵ 'ਭੂਪਾਲ'

ਬੱਦਲ ਅੱਗ ਦੇ ਵਰ੍ਹਦੇ ਦੇਖੇ।
ਸੰਨ੍ਹਾਂ ਲਾਉਂਦੇ ਘਰ ਦੇ ਦੇਖੇ।

ਖੇਡ-ਮੁਹੱਬਤ ਸਿਰ ਦੀ ਬਾਜ਼ੀ
ਜਿੱਤਦੇ ਬੰਦੇ ਹਰਦੇ ਦੇਖੇ!

ਪੰਡਤ ਮੁੱਲਾਂ ਭਾਈ ਸਾਰੇ
"ਚੱਜ਼ਤਾਂ" ਖਾਤਰ ਮਰਦੇ ਦੇਖੇ!

ਰਿਸ਼ਵਤ ਨੂੰ ਸੇਵਾ-ਫਲ ਕਹਿਕੇ
ਲੋਕੀਂ ਜੇਬਾਂ ਭਰਦੇ ਦੇਖੇ!

ਭੁੱਖਾਂ ਸਾਹਵੇਂ ਰੱਜੇ ਬੰਦੇ
ਪਸ਼ੂਆਂ ਵਾਂਗੂੰ ਚਰਦੇ ਦੇਖੇ!

ਸਹਿਮੇ ਹੋਏ ਹਨੇਰੇ ਕੋਲੋਂ
ਚਾਨਨ ਤੋਂ ਭੀ ਡਰਦੇ ਦੇਖੇ!

ਓਟ ਨ੍ਹੇਰੇ ਦੀ ਲੈ ਕੇ ਕਈ
ਨ੍ਹੇਰ ਸੌ ਸੌ ਕਰਦੇ ਦੇਖੇ

ਰੰਗ ਅਜਬ ਦੁਨੀਆਂ ਦਾ ਯਾਰੋ
ਡੁਬਦੇ ਪੱਥਰ ਡਰਦੇ ਦੇਖੇ!

× × ×

ਬਾਨਵੇਂ/ਮਹਿੰਦਰ ਸਾਥੀ

ਸਿਸਕਣ ਲਗਦੇ ਮੇਰੇ ਗੀਤ
ਆ ਜਾਵੇ ਜਦ ਯਾਦ ਅਤੀਤ

ਤੱਕ ਕੇ ਤੈਨੂੰ ਗੈਰਾਂ ਨਾਲ
ਦਿਲ ਦਾ ਨਿਕਲ ਜਾਂਦੈ ਗੀਤ

ਬਦਲ ਦਿਉ ਇਹ ਗਲਤ ਸਮਾਜ
ਮੇਟ ਦਿਉ ਹਰ ਕੋਝੀ ਰੀਤ

ਭਾਵੇਂ ਮੁੱਦਤ ਗਈ ਏ ਬੀਤ
ਅਜ ਤੱਕ ਯਾਦ ਹੈ ਪਹਿਲੀ ਪ੍ਰੀਤ

ਪਿਆਰ ਦੇ ਵਿਚ ਖੁਦਗਰਜ਼ੀ ਦਿੱਸੇ
ਪਿਆਰ ਦੇ ਮੈਂ ਕੀ ਗਾਵਾਂ ਗੀਤ

ਸਭ ਨੂੰ ਮਿਲੇ ਹੱਕ ਇਨਸਾਫ
ਹੋਰ ਨਹੀਂ ਕੁਝ ਸਾਡੀ ਨੀਤ

ਕਿਸੇ ਗਰੀਬ ਦੇ ਆਉ ਕੰਮ
ਇਸ ਤੋਂ ਵਧ ਨਾ ਕੰਮ ਪੁਨੀਤ

ਹੁੰਣ ਪਰਵੇਜ਼ਾਂ ਜਾਣੈ ਹਾਰ
ਫਰਿਹਾਦਾਂ ਦੀ ਹੋਣੀਂ ਜੀਤ

ਇਸ਼ਕ ਤਿਰੇ ਦੇ ਤੁਹਫੇ ਯਾਰ
ਦਰਦ ਅਵੱਲੇ-ਆਹਾਂ ਸੀਤ

ਜਿਸਦੀ ਭਾਲ ਚਿ ਗਿਆਂ ਗੁਆਚ
ਸਾਥੀ ! ਨਾ ਮਿਲਿਆ ਉਹ ਮੀਤ

× × ×

ਤਿਰਾਨਵੇਂ/ਨਿਰਵੈਰ ਸਿੰਘ ਅਰਸ਼ੀ

ਕੋਈ ਦੁਖ ਦਾ ਸਾਥੀ ਨਹੀਂ ਬਣਦਾ, ਸੁੱਖ ਵੇਲੇ ਯਾਰ ਬਥੇਰੇ ਨੇ
ਇਕ ਮਿੱਤਰ-ਪਿਆਰਾ ਨਹੀਂ ਮਿਲਦਾ, ਹਾਂ, ਮਿੱਤਰ-ਮਾਰ ਬਥੇਰੇ ਨੇ।

ਤੂੰ ਮੰਦਿਰ ਮਸਜਿਦ ਜਾ ਜਾ ਕੇ, ਮੁਕਤੀ ਦੇ ਰੋਣੇ ਰੋਂਦਾ ਏਂ,
ਮੰਦਰ ਵਿਚ ਮੁਕਤੀ-ਦਾਤਾ ਨਹੀਂ, ਮਸਜਿਦ ਵਿਚ ਠੱਗ-ਲੁਟੇਰੇ ਨੇ।

ਸੁਣਦੇ ਹਾਂ, ਬਾਬੇ ਨਾਨਕ ਨੇ ਸੱਜਣ ਤੇ ਰਾਕਸ਼ ਤਾਰੇ ਸੀ,
ਅੱਜ ਲੱਖਾਂ ਨਾਨਕ ਚਾਹੀਦੇ, ਕੌੜੇ ਜਿਹੇ ਚਾਰ ਚੁਫੇਰੇ ਨੇ।

ਬੇਫ਼ਾਇਦਾ ਨੇ ਸਭ ਆਰਤੀਆਂ, ਕੀ ਫਾਇਦਾ ਹੋਮਾਂ-ਜੱਗਾਂ ਦਾ,
ਜਦੋਂ ਮੰਦਰ ਦੁਨੀਆ ਸਾਰੀ ਦੇ, ਸਦੀਆਂ ਤੋਂ ਘੁੱਪ ਹਨ੍ਹੇਰੇ ਨੇ।

ਜਦ ਤੇਰੇ, ਮੇਰੇ, ਸਭ ਦੇ ਵਿਚ, ਇਕ ਜੋਤ ਇਲਾਹੀ ਵੱਸਦੀ ਏ,
ਤਦ ਤੇਰੇ ਹੱਥ ਬੰਦੂਕ ਹੈ ਕਿਉਂ, ਕਿਉਂ ਖੰਜਰ ਤੇ ਹਥ ਮੇਰੇ ਨੇ ?

ਅਰਸ਼ੀ ਜੇ ਨੀਅਤ ਰਾਸ ਹੋਏ, ਦੁਨੀਆਂ ਦੀ ਬਰਕਤ ਮਿਲ ਜਾਏ,
ਕੀ ਹੋਇਆ ਅੱਜ ਹਨ੍ਹੇਰੇ ਨੇ, ਆਂਗੇ ਤਾਂ ਸੋਨ-ਸਵੇਰੇ ਨੇ।

+ + +

ਬਾਨਵੇਂ/ਮਹਿੰਦਰ ਸਾਥੀ

ਸਿਸਕਣ ਲਗਦੇ ਮੇਰੇ ਗੀਤ
ਆ ਜਾਵੇ ਜਦ ਯਾਦ ਅਤੀਤ

ਤੱਕ ਕੇ ਤੈਨੂੰ ਗੈਰਾਂ ਨਾਲ
ਦਿਲ ਦਾ ਨਿਕਲ ਜਾਂਦੈ ਗੀਤ

ਬਦਲ ਦਿਉ ਇਹ ਗਲਤ ਸਮਾਜ
ਮੇਟ ਦਿਉ ਹਰ ਕੋਝੀ ਰੀਤ

ਭਾਵੇਂ ਮੁੱਦਤ ਗਈ ਏ ਬੀਤ
ਅਜ ਤੱਕ ਯਾਦ ਹੈ ਪਹਿਲੀ ਪ੍ਰੀਤ

ਪਿਆਰ ਦੇ ਵਿਚ ਖੁਦਗਰਜ਼ੀ ਦਿੱਸੇ
ਪਿਆਰ ਦੇ ਮੈਂ ਕੀ ਗਾਵਾਂ ਗੀਤ

ਸਭ ਨੂੰ ਮਿਲੇ ਹੱਕ ਇਨਸਾਫ
ਹੋਰ ਨਹੀਂ ਕੁਝ ਸਾਡੀ ਨੀਤ

ਕਿਸੇ ਗਰੀਬ ਦੇ ਆਉ ਕੰਮ
ਇਸ ਤੋਂ ਵਧ ਨਾ ਕੰਮ ਪੁਨੀਤ

ਹੁੰਣ ਪਰਵੇਜ਼ਾਂ ਜਾਣੈ ਹਾਰ
ਫਰਿਹਾਦਾਂ ਦੀ ਹੋਣੀਂ ਜੀਤ

ਇਸ਼ਕ ਤਿਰੇ ਦੇ ਤੁਹਫੇ ਯਾਰ
ਦਰਦ ਅਵੱਲੇ-ਆਹਾਂ ਸੀਤ

ਜਿਸਦੀ ਭਾਲ ਚਿ ਗਿਆਂ ਗੁਆਚ
ਸਾਥੀ ! ਨਾ ਮਿਲਿਆ ਉਹ ਮੀਤ

× × ×

ਤਿਰਾਨਵੇਂ/ਨਿਰਵੈਰ ਸਿੰਘ ਅਰਸ਼ੀ

ਕੋਈ ਦੁਖ ਦਾ ਸਾਥੀ ਨਹੀਂ ਬਣਦਾ, ਸੁੱਖ ਵੇਲੇ ਯਾਰ ਬਥੇਰੇ ਨੇ
ਇਕ ਮਿੱਤਰ-ਪਿਆਰਾ ਨਹੀਂ ਮਿਲਦਾ, ਹਾਂ, ਮਿੱਤਰ-ਮਾਰ ਬਥੇਰੇ ਨੇ ।

ਤੂੰ ਮੰਦਿਰ ਮਸਜਿਦ ਜਾ ਜਾ ਕੇ, ਮੁਕਤੀ ਦੇ ਰੋਣੇ ਰੋਂਦਾ ਏਂ,
ਮੰਦਰ ਵਿਚ ਮੁਕਤੀ-ਦਾਤਾ ਨਹੀਂ, ਮਸਜਿਦ ਵਿਚ ਠੱਗ-ਲੁਟੇਰੇ ਨੇ ।

ਸੁਣਦੇ ਹਾਂ, ਬਾਬੇ ਨਾਨਕ ਨੇ ਸੱਜਣ ਤੇ ਰਾਕਸ਼ ਤਾਰੇ ਸੀ,
ਅੱਜ ਲੱਖਾਂ ਨਾਨਕ ਚਾਹੀਦੇ, ਕੌਡੇ ਜਿਹੇ ਚਾਰ ਚੁਫੇਰੇ ਨੇ ।

ਬੇਫਾਇਦਾ ਨੇ ਸਭ ਆਰਤੀਆਂ, ਕੀ ਫਾਇਦਾ ਹੋਮਾਂ-ਜੱਗਾਂ ਦਾ,
ਜਦੋਂ ਮੰਦਰ ਦੁਨੀਆ ਸਾਰੀ ਦੇ, ਸਦੀਆਂ ਤੋਂ ਘੁੱਪ ਹਨ੍ਹੇਰੇ ਨੇ ।

ਜਦ ਤੇਰੇ, ਮੇਰੇ, ਸਭ ਦੇ ਵਿਚ, ਇਕ ਜੋਤ ਇਲਾਹੀ ਵੱਸਦੀ ਏ,
ਤਦ ਤੇਰੇ ਹੱਥ ਬੰਦੂਕ ਹੈ ਕਿਉਂ, ਕਿਉਂ ਖੰਜਰ ਤੇ ਹਥ ਮੇਰੇ ਨੇ ?

ਅਰਸ਼ੀ ਜੇ ਨੀਅਤ ਰਾਸ ਹੋਏ, ਦੁਨੀਆਂ ਦੀ ਬਰਕਤ ਮਿਲ ਜਾਏ,
ਕੀ ਹੋਇਆ ਅੱਜ ਹਨੇਰੇ ਨੇ, ਅੱਗੇ ਤਾਂ ਸੋਨ-ਸਵੇਰੇ ਨੇ ।

+ + +

ਚੁਰਾਨਵੇਂ/ਸੁਰਜੀਤ ਸਿੰਘ ਅਮਰ ਕਪੂਰਥਲਾ

ਮੈਂ ਕਹਿੰਦਾ ਹਾਂ ਯਾਰਾਂ ਨੂੰ
ਭੁੱਲ ਨਾ ਜਾਣ ਪਿਆਰਾਂ ਨੂੰ

ਕਿਵੇਂ ਗੁਜ਼ਾਰਾ ਹੁੰਦਾ ਹੈ
ਪੁਛੋ ਇਹ ਬੇ-ਕਾਰਾਂ ਨੂੰ

ਮੇਰੇ ਜਿਹੇ ਗ਼ਰੀਬ ਦੀਆਂ
ਸੁਣਦੈ ਕੌਣ ਪੁਕਾਰਾਂ ਨੂੰ

ਦੇਸ਼ ਵਾਸੀਉ ਗਾਉ ਹੁੰਣ
ਸੂਰਮਿਆਂ ਦੀਆਂ ਵਾਰਾਂ ਨੂੰ

ਚੈਨ ਕਦੇ ਭੀ ਮਿਲਦਾ ਨਈਂ
ਇਸ਼ਕ ਦਿਆਂ ਬੀਮਾਰਾਂ ਨੂੰ

ਸੀਸ ਤਲੀ ਤੇ ਰੱਖਣ ਜੋ
ਉਹ ਬਦਲਨ ਸਰਕਾਰਾਂ ਨੂੰ

ਵਖਤ ਬੜਾ ਹੀ ਪਿਆ ਅਮਰ
ਅਜ ਸਰਮਾਏਦਾਰਾਂ ਨੂੰ

× × ×

ਲੇਟ ਪੁਜੀਆਂ ਰਚਨਾਵਾਂ

ਪਚਾਨਵੇਂ/ਸਿਰੀ ਰਾਮ 'ਅਰਸ਼' ਐਮ. ਏ.

ਨਜ਼ਰ ਆਇਆ ਥਲਾਂ ਅੰਦਰ ਇਕੱਲਾ ਸਿਸਕਦਾ ਕੋਈ,
ਮੁਹੱਬਤ ਨੇ ਮੁਕੱਦਰ ਤੇ ਨਹੀਂ ਕੀਤਾ ਗਿਲਾ ਕੋਈ।

ਮੈਂ ਹਰ ਇਕ ਦੇਵਤੇ ਦੇ ਦਰ ਤੇ ਜਾਕੇ ਅਰਜ਼ ਕਰ ਆਇਆਂ,
ਘਟਾ ਸਕਿਆ ਨਹੀਂ ਤੇਰਾ ਤੇ ਮੇਰਾ ਫਾਸਲਾ ਕੋਈ।

ਅਸੀਂ ਅਵਤਾਰ ਨਹੀਂ ਯਾਰੋ ਸਲੀਬਾਂ ਦੇ ਨਹੀਂ ਕਾਬਲ
ਸਲੀਬਾਂ ਤੇ ਸਜਾਵਨ ਨੂੰ ਤੁਸੀਂ ਲੱਭੋ ਖੁਦਾ ਕੋਈ।

ਜਦੋਂ ਦਾ ਵੇਖਿਆ ਹੈ ਤੂਰ ਉਤੇ ਓਸ ਦਾ ਜਲਵਾ,
ਫਿਰ ਉਸ ਤੋਂ ਬਾਅਦ ਇਸ ਦਿਲ ਨੂੰ ਨਹੀਂ ਭਾਈ ਅਦਾ ਕੋਈ।

ਵਿਚਾਰ ਇਸ ਦਿਲ ਦੇ ਦੁਨੀਆਂ ਤੋਂ ਕਦੇ ਭੀ ਕਤਲ ਨਹੀਂ ਹੋਣੇ
ਕਦੋਂ ਮਰਿਆ ਹੈ ਸੰਗੀਨਾ ਤੇ ਨੰਗਿਆ ਵਲਵਲਾ ਕੋਈ।

+ + +

ਛਿਆਨਵੇਂ/ਤਰਵਿੰਦਰ ਅੰਮ੍ਰਿਤਸਰੀ

ਜਨਮ ਲਿਆ ਹੈ ਸ਼ਮਸ ਨੇ ਮਰਕੇ।
ਕਿਰਨ ਖਿਲਾਰੇ ਇੱਕ ਇੱਕ ਕਰਕੇ।
ਕਾਲ ਮੌਤ ਦਾ ਹੋਇਆ ਰੰਡਾ,
ਗੂੰਗੀ ਜੀਭ ਦੀ ਸ਼ਾਹਦੀ ਭਰਕੇ।
ਬਾਲ ਗੋਦੜੀ ਇਸ ਧਰਤੀ ਦਾ,
ਹੋਇਆ ਵੱਡਾ ਪੀੜਾਂ ਜਰਕੇ।
'ਮਾਸ-ਪੁਰੀ' ਵਿੱਚ ਆਦਮ-ਸ਼ਿਕਰੇ,
ਹੋਏ ਵਿਆਕੁਲ ਜ਼ੁਲਮੋਂ ਡਰਕੇ।
ਜੋ ਮਗਰੂਰ ਸੀ ਸ਼ਹਿ ਦੇ ਕਾਰਨ,
ਚੁੱਪ ਕਰ ਬੈਠਾ ਬਾਜ਼ੀ ਹਰਕੇ।
ਭੁੱਖੇ ਵਿਹਲੇ ਫ਼ਿਰਨ ਆਰਾਕੀ,
ਫਿਟੇ ਗਧੇ ਅੰਗੂਰੀ ਚਰ ਕੇ।
ਦਿੱਤੀ ਜਾਨ ਪਰ ਆਨ ਨ ਛੱਡੀ,
ਸੁਹਣੀ ਮੋਈ ਝਨਾ 'ਚਿ ਤਰ ਕੇ।
ਹੱਸ ਹੱਸ ਆਸ਼ਕ ਫਾਂਸੀ ਚੜਦੇ,
ਜਾਨ ਵਾਰਨੋਂ ਕਦੀ ਨ ਯਰਕੇ।
ਵਿਹੰਦੇ ਰਹਿ ਗਏ ਨਾਰਦਮੁਨ ਜੀ,
ਬੁਲ੍ਹਾਂ ਉਤੇ ਉਂਗਲੀ ਧਰਕੇ।

+ + ×

ਸਤਾਨਵੇਂ/ਡਾ: ਐਸ. ਐਸ. ਦਰਦ

ਸਾਕੀ ਨੇ ਕਲ ਆਪਣੇ ਹਥੀਂ ਖੂਬ ਪਿਲਾਈ ਸਾਰੀ ਰਾਤ
ਮੈ ਖ਼ਾਨੇ ਵਿਚ ਝੂਮਦੀ ਵੇਖੀ ਅਸੀਂ ਲੁਕਾਈ ਸਾਰੀ ਰਾਤ

ਸਾਕੀ ਤੇਰੀ ਮਹਿਫਲ ਦੇ ਵਿਚ ਸਵਰਗ ਵੇਖਿਆ ਅੱਖਾਂ ਨਾਲ
ਮੁੱਲਾਂ ਦੇ ਸੰਗ ਪੀਂਦੇ ਵੇਖੇ ਪੰਡਤ ਭਾਈ ਸਾਰੀ ਰਾਤ

ਤੇਲ ਦੀ ਥਾਂ ਤੇ ਖੂੰਨ ਜਿਗਰ ਤਿੱਪ ਤਿੱਪ ਕਰ ਕੇ ਪਾਉਂਦੇ ਰਹੇ
ਤੇਰਾ ਮੁਖ ਵੇਖਣ ਦੀ ਖਾਤਿਰ ਜੋਤ ਜਗਾਈ ਸਾਰੀ ਰਾਤ

ਤੇਰੇ ਆਉਣ ਦੇ ਇੰਤਜਾਰ ਵਿਚ ਪਲ ਪਲ ਮਗਰੋਂ ਉਠਦੇ ਰਹੇ
ਹਿਜਰ ਤਿਰੇ ਵਿਚ ਮੇਰੇ ਨੈਣਾਂ ਝੜੀ ਲਗਾਈ ਸਾਰੀ ਰਾਤ

ਸਾਡੇ ਦਿਲ ਚੋਂ ਹੌਕੇ ਉਠ ਉਠ ਛੋਟੀ ਉਮਰੇ ਮਰਦੇ ਰਹੇ
ਤਾਰੇ ਗਿਣ ਗਿਣ ਵਕਤ ਲੰਘਾਇਆ ਨੀਂਦ ਨਾਂ ਆਈ ਸਾਰੀ ਰਾਤ

ਦਿਲ ਨੂੰ ਢਾਰਸ ਦੇਣ ਦੀ ਖਾਤਰ ਲੱਖਾਂ ਪਾਪੜ ਵੇਲੇ ਮੈਂ
ਘਰ ਵਿਚ ਬਹਿਕੇ ਛੁਪ ਕੇ ਪੀਤੀ ਸਮਝ ਦਵਾਈ ਸਾਰੀ ਰਾਤ

ਸਾਡੇ ਦਿਲ ਤੇ ਨਜਰ ਮਿਹਰ ਦੀ ਜਾਦੂ ਦਾ ਕੰਮ ਕਰਦੀ ਰਹੀ
ਦਿਲ ਦਾ "ਦਰਦ" ਮਿਟਾਵਣ ਵਾਲੀ ਬੰਨ ਕੇ ਆਈ ਸਾਰੀ ਰਾਤ

× × ×

ਅਠਾਨਵੇਂ/ਬਿਸਮਿਲ ਫਰੀਦਕੋਟੀ

ਰਤਾ ਕੁ ਜ਼ੁਲਫ ਨੂੰ ਖੋਲੋ ! ਅਤੇ ਖਿਲਾਰ ਦਿਉ
ਦਿਲਾਂ ਦੇ ਅਰਸ਼ ਤੇ ਕਾਲੀ ਘਟਾ ਪਸਾਰ ਦਿਉ

ਤੁਹਾਨੂੰ ਲੋੜ ਨਹੀਂ ਜੇ ਤੁਹਾਡੀ ਖੂਬੀ ਦੀ
ਕਿਸੇ ਮੁਥਾਜ ਦਾ ਅੱਗਾ ਹੀ ਕੁਝ ਸੰਵਾਰ ਦਿਉ

ਰਹੇ ਨਾ ਦੀਨ ਦਾ ਦੁਨੀਆਂ ਦਾ ਨਾਂ ਖ਼ੁਦਾ ਜੋਗਾ
ਬਿਠਾ ਕੇ ਪਲਕਾਂ ਤੇ ਜਿਸ ਨੂੰ ਤੁਸੀਂ ਉਤਾਰ ਦਿਉ

ਤਰਸਦਾ ਪਿਆਰ ਦੇ ਅਮ੍ਰਿਤ ਨੂੰ ਕੋਈ ਬੀਤ ਗਿਆ
ਤਕਾਲ ਹੁੰਦੇ ਹੀ ਕਿਸ ਨੂੰ ਤੁਸੀਂ ਪੁਕਾਰ ਦਿਉ

ਇਹ ਸੋਚ ਸੋਚ ਕੇ ਉਠਦੇ ਨੇ ਹੌਲ ਦਿਲ ਵਿਚੋਂ
ਕਿਵੇਂ ਇਕੱਲੇ ਜਵਾਨੀ ਦੇ ਦਿਨ ਗੁਜ਼ਾਰ ਦਿਉ

ਉਦਾਰ ਹੋਕੇ ਭਵਿਖਾਂ ਦੇ ਵਾਰਸਾਂ ਨੂੰ ਮਿਲੋ
ਕਠੋਰ ਬੀਤੇ ਦੀ ਉਲਝਣ ਦਿਲੋਂ ਵਿਸਾਰ ਦਿਉ

ਗੁਮਾਨ ਹੁੰਦੈ ਹਯਾ ਦੇ ਅਨੇਕ ਰਗਾਂ ਦਾ
ਜਦੋਂ ਭੀ ਆਖ ਬਿਸਮਿਲ ਤੁਸੀਂ ਪੁਕਾਰ ਦਿਉ

+ + +

ਕੁਝ ਉਰਦੂ ਗਜ਼ਲਾਂ

ਨੜਿਨਵੇਂ/ਮਿਰਜ਼ਾ ਗਾਲਿਬ

ਕਿਥੋਂ ਸੀ ਮੇਰੀ ਕਿਸਮਤ ਕਿ ਵਿਸਾਲੇ-ਯਾਰ ਹੁੰਦਾ।
ਜੇ ਹੋਰ ਜੀਂਦੇ ਰਹਿੰਦੇ ਇਹੀ ਇੰਤਜ਼ਾਰ ਹੁੰਦਾ।

ਤੇਰੇ ਵਾਹਿਦੇ ਤੇ ਮੈਂ ਜ਼ਿੰਦਾਂ, ਤੂੰ ਜਾਨ ਝੂਠ ਮੰਨਿਆ
ਕਿ ਖੁਸ਼ੀ ਚ ਮਰ ਨਾ ਜਾਂਦੇ, ਜੇ ਏਤਬਾਰ ਹੁੰਦਾ।

ਇਹ ਸੱਚ ਹੈ, ਗਮ ਹੈ ਮਾਰੂ, ਪਰ ਉਸਦਾ ਕਿਹੜਾ ਦਾਰੂ
ਗਮੇਂ ਇਸ਼ਕ ਜੇ ਨਾ ਹੁੰਦਾ, ਗਮੇਂ-ਰੁਜ਼ਗਾਰ ਹੁੰਦਾ।

ਕਹਾਂ ਕਿਸ ਨੂੰ ਕਿ ਮੈਂ ਕਿ ਕੀ ਹੈ, ਬੁਰੀ ਗਮ ਦੀ ਰਾਤਰੀ ਹੈ
ਮੈਨੂੰ ਕੀ ਬੁਰਾ ਸੀ ਮਰਨਾ, ਜੇ ਇਕ ਹੀ ਵਾਰ ਹੁੰਦਾ।

ਹੋਏ ਮਰ ਅਸੀਂ ਜੇ ਰੁਸਵਾ, ਹੋਏ ਕਿਉਂ ਨਾ ਗਰਕ ਦਰਿਆ
ਨਾ ਕਦੀ ਜਨਾਜ਼ਾ ਉਠਦਾ, ਨਾ ਕਿਤੇ ਮਜ਼ਾਰ ਹੁੰਦਾ।

ਉਹਨੂੰ ਕੌਣ ਦੇਖ ਸਕਦਾ, ਹੈ ਅਦਿਸ ਅਮਰ ਉਹ ਵਕਤਾ,
ਦੂਈ ਦੀ ਬੋ ਜੇ ਹੁੰਦੀ, ਕਿਤੇ ਦੋ ਚਾਰ ਹੁੰਦਾ।

× × ×

ਸੌ/ਬਹਾਦਰ ਸ਼ਾਹ ਜ਼ਫ਼ਰ

ਜੇ ਉਹ ਕਾਤਿਲ ਨਾ ਆਪਣੇ ਹੱਥ ਵਿਚ ਖੰਜਰ ਲਈ ਫਿਰਦਾ
ਤਾਂ ਇਹ ਸਿਰ-ਬਾਜ਼ ਕਾਹਤੋਂ ਹੱਥ ਉੱਤੇ ਸਰ ਲਈ ਫਿਰਦਾ

ਐ ਪਾਗਲਪਣ ! ਤਿਰੇ ਇਸ ਸ਼ੋਰ ਤੇ ਪੱਥਰ ਜੇ ਨਾ ਪੈਂਦੇ
ਤਾਂ ਹਰ ਬਾਲਕ ਐਂ ਮੇਰੇ ਨਾਲ ਨਾ ਪੱਥਰ ਲਈ ਫਿਰਦਾ

ਡਰਾਉਣੇਂ ਖਾ ਮੁਖਾਹ ਕਾਹਤੋਂ ਐ ਨਾਸਿਰ ਮੈਨੂੰ ਉਲਫਤ ਵਿਚ
ਜਿਥੇ ਡਰ, ਆਪਣਾ ਉਹ ਘਰ ਹੈ ਮੈਂ ਕਾਹਦਾ ਡਰ ਲਈ ਫ਼ਿਰਦਾ

ਨਹੀਂ ਕਿਸਮਤ ਚਿ ਖੁਸ਼ੀਆਂ ਦੀ ਸ਼ਰਾਬ ਐ ਸਾਕੀਆ ਨਈਂ ਤਾਂ
ਫਲਕ ਬੋਤਲ ਲਈ ਫਿਰਦਾ ਇਹ ਚੰਦ ਸ਼ਾਗਰ ਲਈ ਫ਼ਿਰਦਾ

ਇਰਾਦਾ ਦਿਲ ਦਾ ਜੇ ਹੁੰਦਾ ਨਾ ਇਸ ਮੁਲਕ-ਉ-ਮੁਹੱਬਤ ਵਿਚ
ਤਾਂ ਆਪਣੇ ਨਾਲ ਰੰਜ ਉ ਗਮ ਦੇ ਨਾ ਲਸ਼ਕਰ ਲਈ ਫਿਰਦਾ

ਨਾ ਹੁੰਦਾ ਇਸ਼ਕ ਉਸ ਚੰਨ ਦੀ ਗਲੀ ਦੇ ਨਾਲ ਜੇ ਮੈਨੂੰ
ਜ਼ਫਰ ਸੂਰਜ ਦੇ ਵਾਂਗੂ ਕੌਣ ਐਂ ਦਰ ਦਰ ਲਈ ਫਿਰਦਾ

× × ×

ਇਕ ਸੌ ਇਕ/ਮੀਰ ਤਕੀ ਮੀਰ

ਐ ਯਾਰ ! ਤੇਰਾ ਚਿਹਰਾ ਕੁਰਆਨ ਹੈ ਅਸਾਡਾ
ਜੇ ਚੁੰਮ ਲਵਾਂ ਤਾਂ ਕੀ ਹੈ ? ਈਮਾਨ ਹੈ ਅਸਾਡਾ

ਜੇ ਹੈ ਬੇਚੈਨੀ ਐਨੀ ? ਤਾਂ ਰਹਿ ਲਿਆ ਬਗਲ ਵਿਚ
ਦੋ ਦਿਨ ਦਾ ਦਿਲ ਅਸਾਡਾ ਮਹਿਮਾਨ ਹੈ ਅਸਾਡਾ

ਸਜਣਾਂ ਦੇ ਸ਼ਹਿਰ ਵਿਚ ਹਾਂ ਮਸ਼ਹੂਰ ਚੰਦਰੇ ਦਿਲ ਤੋਂ
ਸਾਰੇ ਹੀ ਸ਼ਹਿਰ ਚੋਂ ਘਰ ਵੀਰਾਨ ਹੈ ਅਸਾਡਾ

ਮੁਸ਼ਕਿਲ ਹੈ ਹੱਥ ਆਉਣਾ ਕੋਈ ਅਸਾਡੇ ਵਰਗਾ
ਉਂਜ ਮਾਰਨਾ ਐ ਪਿਆਰੇ ! ਆਸਾਨ ਹੈ ਅਸਾਡਾ

ਸੁਣ ਲੌ ! ਅਸੀਂ ਹਾਂ ਉਹ ਕਿ ਮਰ ਜਾਈਏ ਖੜਕੇ ਇਕ ਥਾਂ
ਕੀ ਕੂਚਾ ਕੂਚਾ ਫਿਰਨਾ ਉਨੰਵਾਨ ਹੈ ਅਸਾਡਾ ?

ਕਰਦਾ ਹੈ ਕੰਮ ਉਹ ਦਿਲ, ਜੋ ਅਕਲ ਵਿਚ ਨਾ ਆਵੇ
ਘਰ ਦਾ ਮੁਸ਼ੀਰ ਕਿਨਾਂ ਨਾਦਾਨ ਹੈ ਆਸਾਡਾ ?

ਬੰਜਰ ਜ਼ਮੀਨ ਦਿਲ ਦੀ "ਮੀਰ" ਆਪਣੀ ਮਲਕੀਅਤ ਹੈ
ਦਾਗਾਂ ਦਾ ਭਰਿਆ ਸੀਨਾ ਫ਼ਰਮਾਨ ਹੈ ਆਸਾਡਾ

+ + +

ਇਕ ਸੌ ਦੋ/ਸ਼ਾਹ ਨਸੀਰ

ਸਦਾ ਹੈ ਉਸ ਆਹ-ਤੇ ਅੱਖ ਤਕ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ
ਨਿਕਲ ਕੇ ਵੇਖੋ ਤਾਂ ਆਪਣੇ ਘਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਹੈ ਹਸਦਾ ਕੋਠੇ ਤੇ ਯੂਸਫ ਸਾਡਾ ਮੈਂ ਕੰਧ ਦੇ ਹੇਠ ਰੋ ਰਿਹਾ ਹਾਂ
ਅਜੀਜ਼ੋ ! ਵੇਖੋ ਮਿਰੀ ਨਜ਼ਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਪਤੰਗਾ ਮੱਨੇ ਨਾ ਕਿਉਂ ਹੈਰਾਨੀ ਕਿ ਸ਼ਮਾਅ ਸਭ ਨੂੰ ਦਿਖਾ ਰਹੀ ਹੈ
ਕਿ ਰੋਂਦੀ ਅੱਖੋਂ ਤੇ ਤਾਜ ਸਿਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਮੈਂ ਜ਼ਾਵਾਂ ਕਿੱਧਰ ਨਿਕਲ ਕੇ ਰੱਬਾ ਕਿ ਤੱਤਾ ਠੰਢਾ ਜ਼ਮਾਨ ਮੈਨੂੰ
ਦਿਖਾਉਂਦੈ ਹਰ ਸ਼ਾਮ ਤੇ ਸਹਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਉਹ ਤੇਗ ਖਿੱਚੀ ਖੜੇ ਨੇ ਸਿਰ ਤੇ ਮੈਂ ਸਿਰ ਝੁਕਾਈ ਹਾਂ ਹੰਝੂ ਸੁਟਦਾ
ਦਿਖਾਵਾਂ ਤੈਨੂੰ ਐ ਦਿਲ ਕਿੱਧਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਉਹ ਸ਼ੇਖ ਹਾਥੀ ਦੀ ਕੰਡ ਤੇ ਹੈ ਤੇ ਹਾਥੀ ਸੁੰਡ ਚੋਂ ਹੈ ਸੁਟਦਾ ਪਾਣੀ
ਅਜੀਬ ਉਪਮਾ ਏ ਜਲਵਾਗਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਦੁਪੱਟਾ ਸਿਰ ਤੇ ਬਾਦਲੇ ਦਾ, ਉਸ ਦੇ ਹੱਥ ਵਿਚ ਗੁਲਾਬ-ਦਾਨੀ
ਨਾ ਕਿਦਾਂ ਲਿਸ਼ਕੇ-ਵਰ੍ਹੇ ਅੰਬਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਉਹ ਆਪਣੀ ਪਗੜੀ ਤੇ ਰੱਖਕੇ ਸ਼ਮਲਾ ਜੇ ਖੇਲੇ ਪਚਕਾਰੀਆਂ ਥੀਂ ਹੋਲੀ
ਤਾਂ ਹੋਵੇ ਜ਼ਾਹਿਰ ਇਸੇ ਹੁਨਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਉਹ ਸ਼ੇਖ, ਝਰਨੇ ਦੀ ਸੈਰ ਕਰ ਕੇ ਤਿਲ੍ਹਕਣੇਂ ਪੱਥਰ ਤੇ ਜਾਕੇ ਬੈਠਾ
ਪੁਕਾਰੀ ਖ਼ਲਕਤ ਇਧਰ ਉਧਰ ਤੋਂ ਫ਼ਲਕ ਤੇ ਬਿਜਲੀ ਜ਼ਮੀਨ ਤੇ ਮੀਂਹ

ਨਸੀਰ ਲਿੱਖੀ ਹੈ ਕੀ ਗਜ਼ਲ ਤੂੰ ਕਿ ਦਿਲ ਤੜਪਦਾ ਹੈ ਸੁੰਣ ਕੇ ਜਿਸ ਨੂੰ
ਕਦੋਂ ਐਂ ਬੱਝਦੈ ਕਿਸੇ ਬਸ਼ਰ ਤੋਂ ਫਲਕ ਤੇ ਬਿਜਲੀ ਜ਼ਮੀਨ ਤੇ ਮੀਂਹ

+ + +